रजिस्ट्री सं. डी-221

Price : Rs. 4-00
REGISTERED NO. D-221
ਰਜਿਸਟਰੀ ਨੰ : ਡੀ-221

भारत का राजपत्र
The Gazette of India
ਭਾਰਤ ਦਾ ਗੱਜ਼ਟ

असाधारण
EXTRAORDINARY
ਅਸਾਧਾਰਣ

भाग -XIV- अनुभाग -1
PART -XIV- SECTION -1
ਭਾਗ -XIV- ਅਨੁਭਾਗ - 1

प्राधिकार से प्रकाशित
PUBLISHED BY AUTHORITY
ਸੱਤਾ ਨਾਲ ਪ੍ਰਕਾਸ਼ਤ

सं. 1]	नई दिल्ली,	मंगलवार, 6 अक्तूबर 2020	/14 आश्विन	1942 (शक)	[खण्ड-XV]
NO.1]	NEW DELHI,	TUESDAY, OCTOBER 6,2020	/14 ASVINA	1942 (SAKA)	[VOL. XV]
ਨੰ. 1]	ਨਵੀਂ ਦਿੱਲੀ	ਮੰਗਲਵਾਰ, ਅਕਤੂਬਰ 6, 2020	/14 ਅੱਸੂ	1942 (ਸ਼ਕ)	[ਜਿਲਦ XV]

ਕਾਨੂੰਨ ਅਤੇ ਨਿਆਂ ਮੰਤ੍ਰਾਲਾ
(ਵਿਧਾਨ ਵਿਭਾਗ)
ਨਵੀਂ ਦਿੱਲੀ, ਮੰਗਲਵਾਰ, 6 ਅਕਤੂਬਰ 2020 /14 ਅੱਸੂ, 1942 (ਸ਼ਕ)

ਰਾਜ ਭਾਸ਼ਾ ਐਕਟ, 1963, ਹਿੰਦੂ ਵਿਆਹ ਐਕਟ,1955 ਅਤੇ ਵਿਸ਼ੇਸ਼ ਵਿਆਹ ਐਕਟ, 1954 ਦੇ ਪੰਜਾਬੀ ਅਨੁਵਾਦ ਰਾਸ਼ਟਰਪਤੀ ਦੀ ਸੱਤਾ ਅਧੀਨ ਇਸ ਦੁਆਰਾ ਪ੍ਰਕਾਸ਼ਤ ਕੀਤੇ ਜਾਂਦੇ ਹਨ ਅਤੇ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, 1973 (1973 ਦਾ 50) ਦੀ ਧਾਰਾ 2 ਦੇ ਖੰਡ(ਓ) ਅਧੀਨ ਉਨਾਂ ਦੇ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝੇ ਜਾਣਗੇ ।

Ministry of Law and Justice
(LEGISLATIVE DEPARTMENT)
NEW DELHI, TUESDAY, OCTOBER 6, 2020, /ASVINA, /14, 1942 (SAKA)

The translation in Punjabi of the Official Languages Act, 1963, Hindu Marriage Act, 1955 and Special Marriage Act, 1954 are hereby published under the authority of the President and shall be deemed to be the authoritative text there of in Punjabi under clause (a) of section 2 of the Authoritative texts (Central Laws) Act, 1973 (50 of 1973).

ਹਿੰਦੂ ਵਿਆਹ ਐਕਟ, 1955

ਧਾਰਾਵਾਂ ਦੀ ਤਰਤੀਬ

ਪ੍ਰਾਰੰਭਕ

ਧਾਰਾਵਾਂ

1. ਸੰਖੇਪ ਨਾਂ ਅਤੇ ਵਿਸਤਾਰ।

2. ਐਕਟ ਦਾ ਲਾਗੂ ਹੋਣਾ।

3. ਪਰਿਭਾਸ਼ਾਵਾਂ।

4. ਐਕਟ ਦਾ ਪਰਮ ਪ੍ਰਭਾਵ।

ਹਿੰਦੂ ਵਿਆਹ

5. ਹਿੰਦੂ ਵਿਆਹ ਲਈ ਸ਼ਰਤਾਂ।

6. [ਨਿਰਸਤ]

7. ਹਿੰਦੂ ਵਿਆਹ ਲਈ ਰਸਮਾਂ।

8. ਹਿੰਦੂ ਵਿਆਹਾਂ ਦਾ ਰਜਿਸਟਰੀਕਰਣ।

ਵਿਆਹਕ ਅਧਿਕਾਰਾਂ ਦਾ ਮੁੜ-ਸਥਾਪਣ ਅਤੇ ਨਿਆਂਇਕ ਅਲਹਿਦਗੀ

9. ਵਿਆਹਕ ਅਧਿਕਾਰਾਂ ਦਾ ਮੁੜ-ਸਥਾਪਣ।

10. ਨਿਆਂਇਕ ਅਲਹਿਦਗੀ।

ਵਿਆਹ ਦਾ ਬਾਤਲ ਹੋਣਾ ਅਤੇ ਤਲਾਕ

11. ਸੁੰਨ ਵਿਆਹ।

12. ਸੁੰਨਕਰਣਯੋਗ ਵਿਆਹ।

13. ਤਲਾਕ।

13ੳ. ਤਲਾਕ ਦੀ ਕਾਰਵਾਈ ਵਿੱਚ ਬਦਲਵੀਂ ਦਾਦਰਸੀ।

13ਅ. ਪਰਸਪਰ ਸੰਮਤੀ ਦੁਆਰਾ ਤਲਾਕ।

14. ਤਲਾਕ ਲਈ ਕੋਈ ਅਰਜ਼ੀ ਵਿਆਹ ਤੋਂ ਤਿੰਨ ਸਾਲ ਅੰਦਰ ਪੇਸ਼ ਨ ਕੀਤੀ ਜਾਵੇ।

15. ਤਲਾਕ-ਪ੍ਰਾਪਤ ਵਿਅਕਤੀ ਫੇਰ ਵਿਆਹ ਕਦੋਂ ਕਰ ਸਕਣਗੇ।

16. ਸੁੰਨ ਅਤੇ ਸੁੰਨਕਰਣਯੋਗ ਵਿਆਹਾਂ ਦੇ ਬੱਚਿਆਂ ਦੀ ਜਾਇਜ਼ਤਾ।

17. ਦੁ-ਵਿਆਹ ਲਈ ਸਜ਼ਾ।

18. ਹਿੰਦੂ ਵਿਆਹ ਲਈ ਕੁਝ ਕੁ ਹੋਰ ਸ਼ਰਤਾਂ ਦੇ ਉਲੰਘਣ ਲਈ ਸਜ਼ਾ।

ਅਧਿਕਾਰਤਾ ਅਤੇ ਜ਼ਾਬਤਾ

19. ਅਦਾਲਤ ਜਿਸ ਨੂੰ ਅਰਜ਼ੀ ਪੇਸ਼ ਕੀਤੀ ਜਾਵੇਗੀ।

20. ਅਰਜ਼ੀਆਂ ਦਾ ਮਜ਼ਮੂਨ ਅਤੇ ਤਸਦੀਕ।

21. 1908 ਦੇ ਐਕਟ 5 ਦਾ ਲਾਗੂ ਹੋਣਾ।

21ੳ. ਕੁਝ ਕੁ ਸੂਰਤਾਂ ਵਿੱਚ ਅਰਜ਼ੀਆਂ ਦੀ ਬਦਲੀ ਕਰਨ ਦੀ ਸ਼ਕਤੀ।

21ਅ. ਇਸ ਐਕਟ ਅਧੀਨ ਅਰਜ਼ੀਆਂ ਦੇ ਵਿਚਾਰਣ ਅਤੇ ਨਿਪਟਾਰਾ ਸਬੰਧੀ ਵਿਸ਼ੇਸ਼ ਉਪਬੰਧ।

21ਏ. ਦਸਤਾਵੇਜ਼ੀ ਸ਼ਹਾਦਤ।

22. ਕਾਰਵਾਈ ਬੰਦ ਕਮਰੇ ਵਿੱਚ ਹੋਵੇਗੀ ਅਤੇ ਛਾਪੀ ਜਾਂ ਪ੍ਰਕਾਸ਼ਤ ਨਹੀਂ ਕੀਤੀ ਜਾ ਸਕੇਗੀ।

23. ਕਾਰਵਾਈਆਂ ਵਿੱਚ ਡਿਗਰੀ।

23ੳ. ਤਲਾਕ ਅਤੇ ਹੋਰ ਕਾਰਵਾਈਆਂ ਵਿੱਚ ਉੱਤਰਦਾਰ ਲਈ ਦਾਦਰਸੀ।

24. ਦਾਵੇ ਦੇ ਦੌਰਾਨ ਗੁਜ਼ਾਰਾ ਅਤੇ ਕਾਰਵਾਈਆਂ ਦੇ ਖਰਚੇ।

25. ਸਥਾਈ ਨਿਰਬਾਹ ਖਰਚ ਅਤੇ ਗੁਜ਼ਾਰਾ।

26. ਬੱਚਿਆਂ ਦੀ ਸੰਭਾਲ।

27. ਸੰਪੱਤੀ ਦਾ ਨਿਬੇੜਾ।

28. ਡਿਗਰੀਆਂ ਅਤੇ ਹੁਕਮਾਂ ਤੋਂ ਅਪੀਲਾਂ।

28ੳ. ਡਿਗਰੀਆਂ ਅਤੇ ਹੁਕਮਾਂ ਦਾ ਨਾਫ਼ਜ਼ ਕਰਨਾ।

ਛੋਟਾਂ ਅਤੇ ਨਿਰਸਨ

29. ਛੋਟਾਂ।

30. [ਨਿਰਸਤ।]

ਹਿੰਦੂ ਵਿਆਹ ਐਕਟ, 1955

(1955 ਦਾ 25)

[18 ਮਈ, 1955]

ਹਿੰਦੂਆਂ ਵਿੱਚ ਵਿਆਹ ਸੰਬੰਧੀ ਕਾਨੂੰਨ ਨੂੰ ਸੋਧਣ ਅਤੇ ਸੰਘਤਾਬੱਧ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਛੇਵੇਂ ਸਾਲ ਵਿੱਚ ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਪ੍ਰਾਰੰਭਕ

ਸੰਖੇਪ ਨਾਂ ਅਤੇ ਵਿਸਤਾਰ।

1. (1) ਇਸ ਐਕਟ ਨੂੰ ਹਿੰਦੂ ਵਿਆਹ ਐਕਟ, 1955 ਕਿਹਾ ਜਾ ਸਕੇਗਾ।

(2) ਇਸ ਦਾ ਵਿਸਤਾਰ ਜੰਮੂ ਅਤੇ ਕਸ਼ਮੀਰ ਰਾਜ[1] ਦੇ ਸਿਵਾਏ ਸਾਰੇ ਭਾਰਤ ਤੇ ਹੈ ਅਤੇ ਉਨਾਂ ਰਾਜ ਖੇਤਰਾਂ ਵਿੱਚ, ਜਿਨ੍ਹਾਂ ਤੇ ਇਸ ਐਕਟ ਦਾ ਵਿਸਤਾਰ ਹੈ, ਅਧਿਵਾਸੀ ਹਿੰਦੂਆਂ ਨੂੰ ਵੀ ਲਾਗੂ ਹੁੰਦਾ ਹੈ ਜੋ ਉਕਤ ਰਾਜਖੇਤਰਾਂ ਤੋਂ ਬਾਹਰ ਹਨ।

ਐਕਟ ਦਾ ਲਾਗੂ ਹੋਣਾ।

2. (1) ਇਹ ਐਕਟ ਲਾਗੂ ਹੁੰਦਾ ਹੈ-

(ੳ) ਕਿਸੇ ਵਿਅਕਤੀ ਨੂੰ ਜੋ ਹਿੰਦੂ ਧਰਮ ਦੇ ਰੂਪਾਂ ਜਾਂ ਵਿਕਾਸਾਂ ਵਿੱਚੋਂ ਕਿਸੇ ਅਨੁਸਾਰ ਧਰਮ ਤੋਂ ਹਿੰਦੂ ਹੈ, ਜਿਸ ਵਿੱਚ ਸ਼ਾਮਲ ਹੈ ਕੋਈ ਵੀਰਸ਼ੈਵ, ਕੋਈ ਲਿੰਗਾਯਤ ਜਾਂ ਬ੍ਰਹਮੋ, ਪ੍ਰਾਰਥਨਾ ਜਾਂ ਆਰੀਆ ਸਮਾਜ ਦਾ ਕੋਈ ਪੈਰੋਕਾਰ;

(ਅ) ਕਿਸੇ ਵਿਅਕਤੀ ਨੂੰ ਜੋ ਧਰਮ ਤੋਂ ਬੋਧੀ, ਜੈਨੀ ਜਾਂ ਸਿੱਖ ਹੈ; ਅਤੇ

(ੲ) ਕਿਸੇ ਹੋਰ ਵਿਅਕਤੀ ਨੂੰ ਜੋ ਉਨਾਂ ਰਾਜਖੇਤਰਾਂ ਵਿੱਚ, ਜਿਨ੍ਹਾਂ ਤੇ ਇਸ ਐਕਟ ਦਾ ਵਿਸਤਾਰ ਹੈ, ਅਧਿਵਾਸੀ ਹੈ ਅਤੇ ਜੋ ਧਰਮ ਤੋਂ ਮੁਸਲਮਾਨ, ਈਸਾਈ, ਪਾਰਸੀ ਜਾਂ ਯਹੂਦੀ ਨਹੀਂ ਹੈ, ਜੇਕਰ ਇਹ ਸਾਬਤ ਨਹੀਂ ਕੀਤਾ ਜਾਂਦਾ ਕਿ ਜੇ ਇਹ ਐਕਟ ਪਾਸ ਨ ਕੀਤਾ ਗਿਆ ਹੁੰਦਾ ਤਾਂ ਅਜਿਹਾ ਕੋਈ ਵਿਅਕਤੀ ਇਸ ਵਿੱਚ ਉਪਬੰਧਤ ਮਾਮਲਿਆਂ ਵਿੱਚੋਂ ਕਿਸੇ ਦੇ ਬਾਰੇ ਹਿੰਦੂ ਕਾਨੂੰਨ ਦੁਆਰਾ ਜਾਂ ਉਸ ਕਾਨੂੰਨ ਦੇ ਭਾਗ ਵਜੋਂ ਕਿਸੇ ਰਿਵਾਜ ਜਾਂ ਪ੍ਰਥਾ ਦੁਆਰਾ ਸ਼ਾਸਤ ਨ ਹੁੰਦਾ।

---

[1] 2019 ਦੇ ਐਕਟ ਨੰ: 34 ਦੀ ਅਨੁਸੂਚੀ 5 ਦੀ ਸੂਚੀ 1 ਦੇ ਇੰਦਰਾਜ 35 ਦੁਆਰਾ "ਜੰਮੂ ਅਤੇ ਕਸ਼ਮੀਰ ਰਾਜ ਦੇ ਸਿਵਾਏ" ਸ਼ਬਦਾਂ ਦਾ ਲੋਪ ਕੀਤਾ ਗਿਆ।

ਵਿਆਖਿਆ.- ਹੇਠ ਲਿਖੇ ਵਿਅਕਤੀ, ਜਿਹੀ ਕਿ ਸੂਰਤ ਹੋਵੇ, ਧਰਮ ਤੋਂ ਹਿੰਦੂ, ਬੋਧੀ, ਜੈਨੀ ਜਾਂ ਸਿੱਖ ਹਨ:-

(ੳ) ਕੋਈ ਬੱਚਾ, ਜਾਇਜ਼ ਜਾਂ ਨਾਜਾਇਜ਼, ਜਿਸ ਦੇ ਮਾਤਾ ਪਿਤਾ ਦੋਵੇਂ ਧਰਮ ਤੋਂ ਹਿੰਦੂ, ਬੋਧੀ, ਜੈਨੀ ਜਾਂ ਸਿੱਖ ਹਨ;

(ਅ) ਕੋਈ ਬੱਚਾ, ਜਾਇਜ਼ ਜਾਂ ਨਾਜਾਇਜ਼, ਜਿਸ ਦੇ ਮਾਪਿਆਂ ਵਿੱਚੋਂ ਇੱਕ ਧਰਮ ਤੋਂ ਹਿੰਦੂ, ਬੋਧੀ, ਜੈਨੀ ਜਾਂ ਸਿੱਖ ਹੈ ਅਤੇ ਜੋ ਉਸ ਕਬੀਲੇ, ਫ਼ਿਰਕੇ, ਸਮੂਹ ਜਾਂ ਪਰਿਵਾਰ ਦੇ ਮੈਂਬਰ ਵਜੋਂ ਪਲਿਆ ਹੈ ਜਿਸ ਵਿੱਚੋਂ ਅਜਿਹੀ ਮਾਤਾ ਜਾਂ ਪਿਤਾ ਹੈ ਜਾਂ ਸੀ; ਅਤੇ

(ੲ) ਕੋਈ ਵਿਅਕਤੀ, ਜੋ ਹਿੰਦੂ, ਬੁੱਧ, ਜੈਨ ਜਾਂ ਸਿੱਖ ਧਰਮ ਵਿੱਚ ਪਰਿਵਰਤਤ ਜਾਂ ਮੁੜ-ਪਰਿਵਰਤਤ ਹੈ।

(2) ਉਪ-ਧਾਰਾ (1) ਵਿੱਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਵਿੱਚ ਦਰਜ ਕੋਈ ਗੱਲ ਸੰਵਿਧਾਨ ਦੇ ਅਨੁਛੇਦ 366 ਦੇ ਖੰਡ (25) ਦੇ ਅਰਥ ਅੰਦਰ ਕਿਸੇ ਅਨੁਸੂਚਿਤ ਕਬੀਲੇ ਦੇ ਮੈਂਬਰਾਂ ਨੂੰ ਲਾਗੂ ਨਹੀਂ ਹੋਵੇਗੀ, ਜੇਕਰ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਹੋਰਵੇਂ ਨਿਦੇਸ਼ ਨ ਦੇਵੇ।

(3) ਇਸ ਐਕਟ ਦੇ ਕਿਸੇ ਹਿੱਸੇ ਵਿੱਚ ਪਦ "ਹਿੰਦੂ" ਦਾ ਅਰਥ ਇਸ ਤਰ੍ਹਾਂ ਕੱਢਿਆ ਜਾਵੇਗਾ ਜਿਵੇਂ ਕਿ ਇਸ ਵਿੱਚ ਕੋਈ ਅਜਿਹਾ ਵਿਅਕਤੀ ਸ਼ਾਮਲ ਹੈ ਜੋ ਭਾਵੇਂ ਧਰਮ ਤੋਂ ਹਿੰਦੂ ਨਹੀਂ, ਤਾਂ ਵੀ, ਅਜਿਹਾ ਵਿਅਕਤੀ ਹੈ ਜਿਸ ਨੂੰ ਇਹ ਐਕਟ ਇਸ ਧਾਰਾ ਵਿੱਚ ਦਰਜ ਉਪਬੰਧਾਂ ਦੇ ਆਧਾਰ ਤੇ ਲਾਗੂ ਹੁੰਦਾ ਹੈ।

ਪਰਿਭਾਸ਼ਾਵਾਂ। 3. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰਵੇਂ ਨ ਲੋੜੇ,-

(ੳ) ਪਦ "ਰਿਵਾਜ" ਅਤੇ "ਪ੍ਰਥਾ" ਕੋਈ ਅਜਿਹਾ ਨਿਯਮ ਜ਼ਾਹਰ ਕਰਦੇ ਹਨ ਜਿਸ ਨੇ, ਇੱਕ ਲੰਮੇ ਸਮੇਂ ਲਈ ਲਗਾਤਾਰ ਅਤੇ ਇਕਸਾਰ ਪਾਲਣਾ ਹੁੰਦੇ ਰਹਿਣ ਕਾਰਨ, ਕਿਸੇ ਸਥਾਨਕ ਖੇਤਰ, ਕਬੀਲੇ, ਫ਼ਿਰਕੇ, ਸਮੂਹ ਜਾਂ ਪਰਿਵਾਰ ਦੇ ਹਿੰਦੂਆਂ ਵਿੱਚ ਕਾਨੂੰਨ ਦਾ ਬਲ ਪ੍ਰਾਪਤ ਕਰ ਲਿਆ ਹੈ:

ਪਰੰਤੂ ਉਹ ਨਿਯਮ ਨਿਸ਼ਚਿਤ ਹੈ ਅਤੇ ਨਾਵਾਜਬ ਜਾਂ ਲੋਕ ਨੀਤੀ ਦੇ ਵਿਰੁੱਧ ਨਹੀਂ ਹੈ: ਅਤੇ

ਪਰੰਤੂ ਇਹ ਹੋਰ ਕਿ ਕੇਵਲ ਇੱਕ ਪਰਿਵਾਰ ਨੂੰ ਲਾਗੂ ਕਿਸੇ ਨਿਯਮ ਦੀ ਸੂਰਤ ਵਿੱਚ ਇਹ ਉਸ ਪਰਿਵਾਰ ਦੁਆਰਾ ਬੰਦ ਨਹੀਂ ਕਰ ਦਿੱਤਾ ਗਿਆ ਹੈ;

(ਅ) "ਜ਼ਿਲ੍ਹਾ ਅਦਾਲਤ" ਦਾ ਮਤਲਬ ਹੈ, ਕਿਸੇ ਅਜਿਹੇ ਖੇਤਰ ਵਿੱਚ ਜਿਸ ਲਈ ਕੋਈ ਨਗਰ ਦਿਵਾਨੀ ਅਦਾਲਤ ਹੈ, ਉਹ ਅਦਾਲਤ, ਅਤੇ ਕਿਸੇ ਹੋਰ ਖੇਤਰ ਵਿੱਚ ਮੂਲ ਅਧਿਕਾਰਤਾ ਵਾਲੀ ਮੁੱਖ ਦਿਵਾਨੀ ਅਦਾਲਤ, ਅਤੇ ਇਸ ਵਿੱਚ ਸ਼ਾਮਲ ਹੈ ਕੋਈ ਹੋਰ

ਅਜਿਹੀ ਦਿਵਾਨੀ ਅਦਾਲਤ ਜੋ ਰਾਜ ਸਰਕਾਰ ਦੁਆਰਾ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਇਸ ਐਕਟ ਵਿੱਚ ਉਪਬੰਧਤ ਮਾਮਲਿਆਂ ਬਾਰੇ ਅਧਿਕਾਰਤਾ ਰੱਖਣ ਵਾਲੀ ਉਲਿਖਤ ਕੀਤੀ ਜਾਵੇ;

(ਏ) "ਪੂਰਾ ਲਹੂ" ਅਤੇ "ਅੱਧਾ ਲਹੂ"- ਦੋ ਵਿਅਕਤੀ ਇੱਕ ਦੂਜੇ ਨਾਲ ਪੂਰੇ ਲਹੂ ਦੁਆਰਾ ਸੰਬੰਧਤ ਆਖੇ ਜਾਂਦੇ ਹਨ ਜਦ ਉਹ ਸਾਂਝੇ ਵਡੇਰੇ ਤੋਂ ਇੱਕੋ ਪਤਨੀ ਦੁਆਰਾ ਜਨਮੇ ਹਨ ਅਤੇ ਅੱਧੇ ਲਹੂ ਦੁਆਰਾ ਜਦ ਉਹ ਸਾਂਝੇ ਵਡੇਰੇ ਤੋਂ ਪਰ ਉਸ ਦੀਆਂ ਵੱਖ ਵੱਖ ਪਤਨੀਆਂ ਦੁਆਰਾ ਜਨਮੇਂ ਹਨ;

(ਸ) "ਇੱਕ ਕੁੱਖੀ ਲਹੂ"- ਦੋ ਵਿਅਕਤੀ ਇੱਕ ਦੂਜੇ ਨਾਲ ਇੱਕ-ਕੁੱਖੀ ਲਹੂ ਦੁਆਰਾ ਸੰਬੰਧਤ ਆਖੇ ਜਾਂਦੇ ਹਨ ਜਦ ਉਸ ਸਾਂਝੀ ਵਡੇਰੀ ਤੋਂ ਪਰ ਉਸ ਦੇ ਵੱਖ ਵੱਖ ਪਤੀਆਂ ਦੁਆਰਾ ਜਨਮੇਂ ਹਨ।

ਵਿਆਖਿਆ- ਖੰਡ (ਏ) ਅਤੇ (ਸ) ਵਿੱਚ "ਵਡੇਰੇ" ਵਿੱਚ ਪਿਤਾ ਅਤੇ "ਵਡੇਰੀ" ਵਿੱਚ ਮਾਤਾ ਸ਼ਾਮਲ ਹੈ;

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ;

(ਕ) (i) ਕਿਸੇ ਵਿਅਕਤੀ ਦੇ ਹਵਾਲੇ ਵਿੱਚ "ਸਪਿੰਡ ਰਿਸ਼ਤੇਦਾਰੀ" ਦਾ ਵਿਸਤਾਰ ਮਾਤਾ ਰਾਹੀਂ ਉਪਰ ਵੱਲ ਦੀ ਬੰਸ-ਲੜੀ ਵਿੱਚ ਤੀਜੀ ਪੀੜ੍ਹੀ (ਸਮੇਤ) ਅਤੇ ਪਿਤਾ ਰਾਹੀਂ ਉਪਰ ਵੱਲ ਦੀ ਬੰਸ-ਲੜੀ ਵਿੱਚ ਪੰਜਵੀਂ ਪੀੜ੍ਹੀ (ਸਮੇਤ) ਤੱਕ, ਬੰਸ-ਲੜੀ ਹਰੇਕ ਸੂਰਤ ਵਿੱਚ ਸੰਬੰਧਤ ਵਿਅਕਤੀ, ਜਿਸ ਨੂੰ ਕਿ ਪਹਿਲੀ ਪੀੜ੍ਹੀ ਗਿਣਿਆ ਜਾਣਾ ਹੈ, ਤੋਂ ਉਪਰ ਵੱਲ ਨੂੰ ਜਾਂਦਿਆਂ ਹੋਇਆਂ ਹੈ;

(ii) ਦੋ ਵਿਅਕਤੀ ਇੱਕ ਦੂਜੇ ਦੇ "ਸਪਿੰਡ" ਆਖੇ ਜਾਂਦੇ ਹਨ ਜੇ ਇੱਕ, ਸਪਿੰਡ ਰਿਸ਼ਤੇਦਾਰੀ ਦੀਆਂ ਸੀਮਾਵਾਂ ਅੰਦਰ, ਦੂਜੇ ਦਾ ਇੱਕ-ਬੰਸੀ ਵਡੇਰਾ ਜਾਂ ਵਡੇਰੀ ਹੈ, ਜਾਂ ਜੇ ਉਨਾਂ ਦਾ ਕੋਈ ਸਾਂਝਾ ਇੱਕ-ਬੰਸੀ ਵਡੇਰਾ ਜਾਂ ਵਡੇਰੀ ਹੈ, ਜੋ ਉਨਾਂ ਵਿੱਚੋਂ ਹਰੇਕ ਦੇ ਹਵਾਲੇ ਵਿੱਚ ਸਪਿੰਡ ਰਿਸ਼ਤੇਦਾਰੀ ਦੀਆਂ ਸੀਮਾਵਾਂ ਅੰਦਰ ਹੈ;

(ਖ) "ਵਰਜਿਤ ਰਿਸ਼ਤੇਦਾਰੀ ਦੇ ਦਰਜੇ"- ਦੋ ਵਿਅਕਤੀ "ਵਰਜਿਤ ਰਿਸ਼ਤੇਦਾਰੀ ਦੇ ਦਰਜਿਆਂ" ਅੰਦਰ ਹੋਣੇ ਆਖੇ ਜਾਂਦੇ ਹਨ-

(i) ਜੇ ਇੱਕ ਦੂਜੇ ਦਾ ਇੱਕ-ਬੰਸੀ ਵਡੇਰਾ ਜਾਂ ਵਡੇਰੀ ਹੈ; ਜਾਂ

(ii) ਜੇ ਇੱਕ ਦੂਜੇ ਦੇ ਇੱਕ-ਬੰਸੀ ਵਡੇਰਾ ਜਾਂ ਵਡੇਰੀ ਹੈ ਜਾਂ ਇੱਕ-ਬੰਸੀ ਸੰਤਾਨ ਦੀ ਪਤਨੀ ਜਾਂ ਪਤੀ ਸੀ; ਜਾਂ

(iii) ਜੇ ਇੱਕ ਦੂਜੇ ਦੇ ਭਰਾ ਦੀ ਜਾਂ ਪਿਤਾ ਦੇ ਜਾਂ ਮਾਤਾ ਦੇ ਭਰਾ ਦੀ ਜਾਂ ਦਾਦੇ ਦੇ ਜਾਂ ਦਾਦੀ ਦੇ ਭਰਾ ਦੀ ਜਾਂ ਨਾਨੇ ਜਾਂ ਨਾਨੀ ਦੇ ਭਰਾ ਦੀ ਪਤਨੀ ਸੀ; ਜਾਂ

(iv) ਜੇ ਉਹ ਦੋ ਭਰਾ ਅਤੇ ਭੈਣ, ਚਾਚਾ/ਤਾਇਆ/ਫੁੱਫੜ ਅਤੇ ਭਤੀਜੀ, ਮਾਮਾ/ਮਾਸੜ ਅਤੇ ਭਾਣਜੀ, ਚਾਚੀ/ਤਾਈ/ਫੁੱਫੀ ਅਤੇ ਭਤੀਜਾ, ਮਾਮੀ/ਮਾਸੀ ਅਤੇ ਭਾਣਜਾ, ਜਾਂ ਭੈਣ ਅਤੇ ਭਰਾ ਦੇ ਜਾਂ ਦੋ ਭਰਾਵਾਂ ਦੇ ਜਾਂ ਦੋ ਭੈਣਾਂ ਦੇ ਬੱਚੇ ਹਨ;

ਵਿਆਖਿਆ- ਖੰਡ (ਕ) ਅਤੇ (ਖ) ਦੇ ਪ੍ਰਯੋਜਨਾਂ ਲਈ, ਰਿਸ਼ਤੇਦਾਰੀ ਵਿੱਚ ਸ਼ਾਮਲ ਹਨ-

(i) ਅੱਧੇ ਜਾਂ ਇੱਕ ਕੁੱਖੀ ਲਹੂ ਦੁਆਰਾ ਰਿਸ਼ਤੇਦਾਰੀ ਅਤੇ ਪੂਰੇ ਲਹੂ ਦੁਆਰਾ ਵੀ;

(ii) ਨਾਜਾਇਜ਼ ਲਹੂ ਦੀ ਰਿਸ਼ਤੇਦਾਰੀ ਅਤੇ ਜਾਇਜ਼ ਦੀ ਵੀ;

(iii) ਗੋਦਲੈਣ ਦੁਆਰਾ ਰਿਸ਼ਤੇਦਾਰੀ ਅਤੇ ਲਹੂ ਦੁਆਰਾ ਵੀ;

ਅਤੇ ਉਨਾਂ ਖੰਡਾਂ ਵਿੱਚ ਰਿਸ਼ਤੇਦਾਰੀ ਦੇ ਸਾਰੇ ਪਦਾਂ ਦਾ ਉਸਦੇ ਅਨੁਸਾਰ ਅਰਥ ਕੱਢਿਆ ਜਾਵੇਗਾ।

ਐਕਟ ਦਾ ਪਰਮ ਪ੍ਰਭਾਵ।

4. ਇਸ ਐਕਟ ਵਿੱਚ ਹੋਰਵੇਂ ਸਪੱਸ਼ਟ ਤੌਰ ਤੇ ਉਪਬੰਧਤ ਨੂੰ ਛੱਡ ਕੇ,-

(ੳ) ਇਸ ਐਕਟ ਦੇ ਅਰੰਭ ਤੋਂ ਤੁਰਤ ਪਹਿਲਾਂ ਨਾਫ਼ਜ਼ ਹਿੰਦੂ ਕਾਨੂੰਨ ਦਾ ਕੋਈ ਪਾਠ, ਨਿਯਮ ਜਾਂ ਅਰਥ-ਨਿਰਣਾ ਜਾਂ ਉਸ ਕਾਨੂੰਨ ਦੇ ਭਾਗ ਵਜੋਂ ਕੋਈ ਰਿਵਾਜ ਜਾ ਪ੍ਰਥਾ ਅਜਿਹੇ ਕਿਸੇ ਮਾਮਲੇ ਬਾਰੇ ਜਿਸ ਲਈ ਇਸ ਐਕਟ ਵਿੱਚ ਉਪਬੰਧ ਕੀਤਾ ਗਿਆ ਹੈ, ਪ੍ਰਭਾਵੀ ਨਹੀਂ ਰਹੇਗੀ;

(ਅ) ਇਸ ਐਕਟ ਦੇ ਆਰੰਭ ਤੋਂ ਤੁਰਤ ਪਹਿਲਾਂ ਨਾਫ਼ਜ਼ ਕੋਈ ਹੋਰ ਕਾਨੂੰਨ, ਜਿੱਥੋਂ ਤੱਕ ਕਿ ਉਹ ਇਸ ਐਕਟ ਵਿੱਚ ਦਰਜ ਉਪਬੰਧਾਂ ਵਿੱਚੋਂ ਕਿਸੇ ਨਾਲ ਅਸੰਗਤ ਹੈ, ਪ੍ਰਭਾਵੀ ਨਹੀਂ ਰਹੇਗਾ।

ਹਿੰਦੂ ਵਿਆਹ

ਹਿੰਦੂ ਵਿਆਹ ਲਈ ਸ਼ਰਤਾਂ।

5. ਕਿਸੇ ਦੋ ਹਿੰਦੂਆਂ ਵਿਚਕਾਰ ਵਿਆਹ ਸੰਸਕਾਰ ਕੀਤਾ ਜਾ ਸਕੇਗਾ, ਜੇ ਹੇਠ-ਲਿਖੀਆਂ ਸ਼ਰਤਾਂ ਪੂਰੀਆਂ ਹੋ ਜਾਂਦੀਆਂ ਹਨ, ਅਰਥਾਤ:-

(i) ਕਿਸੇ ਧਿਰ ਦਾ ਪਤੀ ਜਾਂ ਪਤਨੀ ਵਿਆਹ ਦੇ ਸਮੇਂ ਜ਼ਿੰਦਾ ਨਹੀਂ ਹੈ;

(ii) ਵਿਆਹ ਦੇ ਸਮੇਂ, ਕੋਈ ਧਿਰ-

(ੳ) ਵਿਗੜ-ਚਿੱਤ ਦੇ ਪਰਿਣਾਮ ਵਜੋਂ ਜਾਇਜ਼ ਸੰਪਤੀ ਦੇਣ ਦੇ ਅਸਮਰੱਥ ਨਹੀਂ ਹੈ; ਜਾਂ

(ਅ) ਅਜਿਹੀ ਨਹੀਂ ਹੈ, ਜੋ ਭਾਵੇਂ ਜਾਇਜ਼ ਸੰਪਤੀ ਦੇਣ ਦੇ ਸਮਰੱਥ ਹੈ, ਪਰ ਅਜਿਹੀ ਕਿਸਮ ਦੀ ਜਾਂ ਅਜਿਹੀ ਹੱਦ ਤੱਕ ਮਾਨਸਕ ਖਰਾਬੀ ਨਾਲ ਪੀੜਤ ਰਹੀ ਹੈ ਕਿ ਉਹ ਵਿਆਹ ਲਈ ਅਤੇ ਬੱਚੇ ਪੈਦਾ ਕਰਨ ਲਈ ਅਯੋਗ ਹੈ; ਜਾਂ

(ੲ) ਸੁਦਾ ਦੇ ਆਵਰਤਕ ਦੌਰਿਆਂ ਦੇ ਤਾਬੇ ਨਹੀਂ ਰਹੀ ਹੈ;

(iii) ਲਾੜੇ ਨੇ ਇੱਕੀ ਸਾਲ ਦੀ ਉਮਰ ਅਤੇ ਲਾੜੀ ਨੇ ਅਠਾਰਾਂ ਸਾਲ ਦੀ ਉਮਰ ਵਿਆਹ ਦੇ ਸਮੇਂ ਪੂਰੀ ਕਰ ਲਈ ਹੈ;

(iv) ਧਿਰਾਂ ਵਰਜਿਤ ਰਿਸ਼ਤੇਦਾਰੀ ਦੇ ਦਰਜਿਆਂ ਅੰਦਰ ਨਹੀਂ ਹਨ, ਜੇਕਰ ਉਨਾਂ ਵਿੱਚੋਂ ਹਰੇਕ ਨੂੰ ਸ਼ਾਸਤ ਕਰਦਾ ਰਿਵਾਜ ਜਾਂ ਪ੍ਰਥਾ ਦੋਹਾਂ ਵਿਚਕਾਰ ਵਿਆਹ ਦੀ ਇਜਾਜ਼ਤ ਨਹੀਂ ਦਿੰਦੀ ਹੈ;

(v) ਧਿਰਾਂ ਇੱਕ ਦੂਜੇ ਦੀਆਂ ਸਪਿੰਡ ਨਹੀਂ ਹਨ, ਜੇਕਰ ਉਨ੍ਹਾਂ ਵਿੱਚੋਂ ਹਰੇਕ ਨੂੰ ਸ਼ਾਸਤ ਕਰਦਾ ਰਿਵਾਜ ਜਾਂ ਪ੍ਰਥਾ ਦੋਹਾਂ ਵਿਚਕਾਰ ਵਿਆਹ ਦੀ ਇਜਾਜ਼ਤ ਨਹੀਂ ਦਿੰਦੀ ਹੈ।

6. * * * * * * *

ਹਿੰਦੂ ਵਿਆਹ ਲਈ ਰਸਮਾਂ।

7. (1) ਹਿੰਦੂ ਵਿਆਹ ਸੰਸਕਾਰ ਉਸ ਦੀਆਂ ਧਿਰਾਂ ਵਿੱਚੋਂ ਕਿਸੇ ਇੱਕ ਦੀਆਂ ਰਿਵਾਜੀ ਰੀਤਾਂ ਅਤੇ ਰਸਮਾਂ ਦੀ ਅਨੁਸਾਰਤਾ ਵਿੱਚ ਕੀਤਾ ਜਾ ਸਕੇਗਾ।

(2) ਜਿੱਥੇ ਅਜਿਹੀਆਂ ਰੀਤਾਂ ਅਤੇ ਰਸਮਾਂ ਵਿੱਚ ਸਪਤਪਦੀ (ਅਰਥਾਤ ਲਾੜੇ ਅਤੇ ਲਾੜੀ ਦੁਆਰਾ ਇਕੱਠਿਆਂ ਪਵਿੱਤਰ-ਅਗਨੀ ਅੱਗੇ ਸੱਤ ਕਦਮ ਚਲਣਾ) ਸ਼ਾਮਲ ਹੈ, ਉੱਥੇ ਜਦੋਂ ਸੱਤਵਾ ਕਦਮ ਚੱਲ ਲਿਆ ਜਾਂਦਾ ਹੈ ਉਦੋਂ ਵਿਆਹ ਪੂਰਨ ਅਤੇ ਬੰਧਨਕਾਰੀ ਬਣ ਜਾਂਦਾ ਹੈ।

ਹਿੰਦੂ ਵਿਆਹਾਂ ਦਾ ਰਜਿਸਟਰੀਕਰਣ।

8. (1) ਹਿੰਦੂ ਵਿਆਹਾਂ ਦੇ ਸਬੂਤ ਨੂੰ ਸੌਖਾ ਬਣਾਉਣ ਦੇ ਪ੍ਰਯੋਜਨ ਲਈ, ਰਾਜ ਸਰਕਾਰ ਇਹ ਉਪਬੰਧ ਕਰਦੇ ਨਿਯਮ ਬਣਾ ਸਕੇਗੀ ਕਿ ਕਿਸੇ ਅਜਿਹੇ ਵਿਆਹ ਦੀਆਂ ਧਿਰਾਂ ਆਪਣੇ ਵਿਆਹ ਸਬੰਧੀ ਵੇਰਵੇ ਅਜਿਹੇ ਤਰੀਕੇ ਨਾਲ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਜੋ ਮੁਕੱਰਰ ਕੀਤੀਆਂ ਜਾਣ, ਇਸ ਪ੍ਰਯੋਜਨ ਲਈ ਰੱਖੇ ਹਿੰਦੂ ਵਿਆਹ ਰਜਿਸਟਰ ਵਿੱਚ ਦਰਜ ਕਰਵਾ ਸਕਣਗੀਆਂ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ, ਜੇ ਉਸ ਦੀ ਰਾਏ ਹੈ ਕਿ ਇਸ ਤਰ੍ਹਾਂ ਕਰਨਾ ਜ਼ਰੂਰੀ ਜਾਂ

ਕਾਲ-ਉਚਿਤ ਹੈ, ਇਹ ਉਪਬੰਧ ਕਰ ਸਕੇਗੀ ਕਿ ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਵੇਰਵਿਆਂ ਦਾ ਰਾਜ ਵਿੱਚ ਜਾਂ ਉਸ ਦੇ ਕਿਸੇ ਭਾਗ ਵਿੱਚ, ਜਾਂ ਤਾਂ ਸਾਰੀਆਂ ਸੂਰਤਾਂ ਵਿੱਚ ਜਾਂ ਅਜਿਹੀਆਂ ਸੂਰਤਾਂ ਵਿੱਚ, ਜਾਂ ਉਲਿਖਤ ਕੀਤੀਆਂ ਜਾਣ, ਦਰਜ ਕਰਾਉਣਾ ਲਾਜ਼ਮੀ ਹੋਵੇਗਾ, ਅਤੇ ਜਿੱਥੇ ਕੋਈ ਅਜਿਹਾ ਨਿਦੇਸ਼ ਜਾਰੀ ਕੀਤਾ ਗਿਆ ਹੋਵੇ, ਉੱਥੇ ਇਸ ਨਮਿੱਤ ਬਣਾਏ ਕਿਸੇ ਨਿਯਮ ਦੀ ਉਲੰਘਣਾ ਕਰਨ ਵਾਲਾ ਕੋਈ ਵਿਅਕਤੀ ਜੁਰਮਾਨੇ ਨਾਲ ਸਜ਼ਾਯੋਗ ਹੋਵੇਗਾ ਜੋ ਪੰਝੀ ਰੁਪਏ ਤੱਕ ਹੋ ਸਕੇਗਾ।

(3) ਇਸ ਧਾਰਾ ਅਧੀਨ ਬਣਾਏ ਸਾਰੇ ਨਿਯਮ, ਉਨ੍ਹਾਂ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ-ਮੰਡਲ ਦੇ ਅੱਗੇ ਰੱਖੇ ਜਾਣਗੇ।

(4) ਹਿੰਦੂ ਵਿਆਹ ਰਜਿਸਟਰ ਸਾਰੇ ਵਾਜਬ ਸਮਿਆਂ ਤੇ ਨਿਰੀਖਣ ਲਈ ਖੁੱਲ੍ਹਾ ਹੋਵੇਗਾ, ਅਤੇ ਉਸ ਵਿੱਚ ਦਰਜ ਵਿਵਰਣਾਂ ਦੀ ਸ਼ਹਾਦਤ ਵਜੋਂ ਗ੍ਰਹਿਣਯੋਗ ਹੋਵੇਗਾ, ਅਤੇ ਉਸ ਵਿੱਚੋਂ ਪ੍ਰਮਾਣਤ ਟੂਕਾਂ, ਦਰਖ਼ਾਸਤ ਦੇਣ ਤੇ, ਰਜਿਸਟਰਾਰ ਦੁਆਰਾ ਉਸ ਨੂੰ ਫ਼ੀਸ ਦੀ ਅਦਾਇਗੀ ਤੇ ਦਿੱਤੀਆਂ ਜਾਣਗੀਆਂ।

(5) ਇਸ ਧਾਰਾ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਹਿੰਦੂ ਵਿਆਹ ਦੀ ਜਾਇਜ਼ਤਾ, ਇੰਦਰਾਜ ਵਿੱਚ ਉਕਾਈ ਦੁਆਰਾ ਕਿਸੇ ਤਰ੍ਹਾਂ ਵੀ ਪ੍ਰਭਾਵਤ ਨਹੀਂ ਹੋਵੇਗੀ।

ਵਿਆਹਕ ਅਧਿਕਾਰਾਂ ਦਾ ਮੁੜ-ਸਥਾਪਨ ਅਤੇ ਨਿਆਂਇਕ ਅਲਹਿਦਗੀ

ਵਿਆਹਕ ਅਧਿਕਾਰਾਂ ਦਾ ਮੁੜ-ਸਥਾਪਨ।

9. ਜਦ ਪਤੀ ਜਾਂ ਪਤਨੀ ਨੇ ਆਪਣੇ ਆਪ ਨੂੰ, ਵਾਜਬ ਕਾਰਨ ਤੋਂ ਬਿਨਾਂ ਦੂਜੇ ਦੀ ਸੰਗਤ ਤੋਂ ਹਟਾ ਲਿਆ ਹੈ, ਉਦੋਂ ਦੁਖਤ ਧਿਰ ਜ਼ਿਲ੍ਹਾ ਅਦਾਲਤ ਨੂੰ, ਅਰਜ਼ੀ, ਦੁਆਰਾ, ਵਿਆਹਕ ਅਧਿਕਾਰਾਂ ਦੇ ਮੁੜ-ਸਥਾਪਨ ਲਈ ਦਰਖ਼ਾਸਤ ਕਰ ਸਕੇਗੀ ਅਤੇ ਅਦਾਲਤ, ਅਜਿਹੀ ਅਰਜ਼ੀ ਵਿੱਚ ਬਿਆਨ ਕੀਤੀਆਂ ਗੱਲਾਂ ਦੀ ਸਚਾਈ ਬਾਰੇ ਅਤੇ ਇਸ ਬਾਰੇ ਤਸੱਲੀ ਹੋਣ ਤੇ ਕਿ ਅਜਿਹਾ ਕੋਈ ਕਾਨੂੰਨੀ ਆਧਾਰ ਨਹੀਂ ਹੈ ਕਿ ਦਰਖ਼ਾਸਤ ਮਨਜ਼ੂਰ ਕਿਉਂ ਨ ਕੀਤੀ ਜਾਵੇ, ਉਸ ਅਨੁਸਾਰ ਵਿਆਹਕ ਅਧਿਕਾਰਾਂ ਦੇ ਮੁੜ-ਸਥਾਪਨ ਲਈ ਡਿਗਰੀ ਦੇ ਸਕੇਗੀ।

ਵਿਆਖਿਆ- ਜਿੱਥੇ ਇਹ ਸਵਾਲ ਪੈਦਾ ਹੋਵੇ ਕਿ ਸੰਗਤ ਤੋਂ ਹਟਾ ਲੈਣ ਲਈ ਵਾਜਬ ਕਾਰਨ ਰਿਹਾ ਹੈ ਉੱਥੇ ਵਾਜਬ ਕਾਰਨ ਸਾਬਤ ਕਰਨ ਦਾ ਭਾਰ ਉਸ ਵਿਅਕਤੀ ਤੇ ਹੋਵੇਗਾ ਜਿਸ ਨੇ ਆਪਣੇ ਆਪ ਨੂੰ ਸੰਗਤ ਤੋਂ ਹਟਾ ਲਿਆ ਹੈ।

ਨਿਆਂਇਕ ਅਲਹਿਦਗੀ।

10. (1) ਵਿਆਹ ਦੀ ਕੋਈ ਧਿਰ, ਭਾਵੇਂ ਵਿਆਹ ਇਸ ਐਕਟ ਦੇ ਅਰੰਭ ਤੋਂ ਪਹਿਲਾਂ ਸੰਸਕਾਰਿਆ ਗਿਆ ਹੋਵੇ, ਜਾਂ ਪਿੱਛੋਂ ਉਨ੍ਹਾਂ ਆਧਾਰਾਂ ਵਜੋਂ, ਜਿਨ੍ਹਾਂ ਤੇ ਤਲਾਕ ਲਈ ਅਰਜ਼ੀ ਪੇਸ਼ ਕੀਤੀ ਜਾ ਸਕਦੀ ਸੀ, ਧਾਰਾ 13 ਦੀ ਉਪ-ਧਾਰਾ (1) ਵਿੱਚ ਉਲਿਖਤ ਆਧਾਰਾਂ ਵਿੱਚੋਂ ਕਿਸੇ ਆਧਾਰ ਤੇ, ਅਤੇ ਪਤਨੀ ਦੀ ਸੂਰਤ ਵਿੱਚ ਉਸਦੀ ਉਪ-ਧਾਰਾ (2) ਵਿੱਚ ਉਲਿਖਤ ਆਧਾਰਾਂ ਵਿੱਚੋਂ ਕਿਸੇ ਆਧਾਰ ਤੇ ਵੀ ਨਿਆਂਇਕ ਅਲਹਿਦਗੀ ਲਈ ਡਿਗਰੀ ਲਈ ਪ੍ਰਾਥਨਾ ਕਰਦੇ ਹੋਇਆਂ ਅਰਜ਼ੀ ਪੇਸ਼ ਕਰ ਸਕੇਗੀ।

(2) ਜਿੱਥੇ ਨਿਆਂਇਕ ਅਲਹਿਦਗੀ ਲਈ ਡਿਗਰੀ ਪਾਸ ਕੀਤੀ ਗਈ ਹੈ, ਉੱਥੇ ਅਰਜ਼ੀਦਾਰ ਲਈ ਉੱਤਰਦਾਰ ਨਾਲ ਅੱਗੋਂ ਲਈ ਸਹਿਵਾਸ ਕਰਨਾ ਅਵੱਸ਼ਕ ਨਹੀਂ ਹੋਵੇਗਾ ਪਰ ਅਦਾਲਤ, ਕਿਸੇ ਇੱਕ ਧਿਰ ਦੀ ਅਰਜ਼ੀ ਦੁਆਰਾ

ਦਰਖ਼ਾਸਤ ਤੇ ਅਤੇ ਅਜਿਹੀ ਅਰਜ਼ੀ ਵਿੱਚ ਬਿਆਨ ਕੀਤੀਆਂ ਗੱਲਾਂ ਦੀ ਸਚਾਈ ਬਾਰੇ ਤਸੱਲੀ ਹੋਣ ਤੇ, ਡਿਗਰੀ ਵਿਖੰਡਤ ਕਰ ਸਕੇਗੀ, ਜੇ ਉਹ ਅਜਿਹਾ ਕਰਨਾ ਨਿਆਂਸੰਗਤ ਅਤੇ ਵਾਜਬ ਸਮਝਦੀ ਹੈ।

ਵਿਆਹ ਦਾ ਬਾਤਲ ਹੋਣਾ ਅਤੇ ਤਲਾਕ

ਸੁੰਨ ਵਿਆਹ।

11. ਇਸ ਐਕਟ ਦੇ ਅਰੰਭ ਤੋਂ ਪਿੱਛੋਂ ਸੰਸਕਾਰਿਆ ਕੋਈ ਵਿਆਹ, ਜੇ ਉਹ ਧਾਰਾ 5 ਦੇ ਖੰਡ (i), (iv) ਅਤੇ (v) ਵਿੱਚ ਉਲਿਖਤ ਸ਼ਰਤਾਂ ਵਿੱਚੋਂ ਕਿਸੇ ਇੱਕ ਦੀ ਵੀ ਉਲੰਘਣਾ ਕਰਦਾ ਹੈ, ਬਾਤਲ ਅਤੇ ਸੁੰਨ ਹੋਵੇਗਾ ਅਤੇ, ਉਸਦੀ ਕਿਸੇ ਧਿਰ ਦੁਆਰਾ ਦੂਜੀ ਧਿਰ ਦੇ ਵਿਰੁੱਧ ਅਰਜ਼ੀ ਪੇਸ਼ ਕਰਨ ਤੇ, ਬਾਤਲ ਹੋਣ ਦੀ ਡਿਗਰੀ ਦੁਆਰਾ ਇੰਜ ਕਰਾਰ ਦਿੱਤਾ ਜਾ ਸਕੇਗਾ।

ਸੁੰਨਕਰਣਯੋਗ ਵਿਆਹ।

12. (1) ਕੋਈ ਵਿਆਹ, ਭਾਵੇਂ ਉਹ ਇਸ ਐਕਟ ਦੇ ਅਰੰਭ ਤੇ ਪਹਿਲਾਂ ਸੰਸਕਾਰਿਆ ਗਿਆ ਹੋਵੇ ਜਾਂ ਪਿੱਛੋਂ, ਹੇਠ-ਲਿਖੇ ਆਧਾਰਾਂ ਵਿੱਚੋਂ ਕਿਸੇ ਤੇ ਵੀ ਸੁੰਨਕਰਣਯੋਗ ਹੋਵੇਗਾ ਅਤੇ ਬਾਤਲ ਹੋਣ ਦੀ ਡਿਗਰੀ ਦੁਆਰਾ ਬਾਤਲ ਕੀਤਾ ਜਾ ਸਕੇਗਾ, ਅਰਥਾਤ-

(ੳ) ਕਿ ਉੱਤਰਦਾਰ ਦੀ ਨਿਪੁੰਸਕਤਾ ਦੇ ਕਾਰਨ ਵਿਆਹ ਸੰਭੋਗ ਨਹੀਂ ਹੋਇਆ ਹੈ; ਜਾਂ

(ਅ) ਕਿ ਵਿਆਹ ਧਾਰਾ 5 ਦੇ ਖੰਡ (ii) ਵਿੱਚ ਉਲਿਖਤ ਸ਼ਰਤ ਦੇ ਉਲੰਘਣ ਵਿੱਚ ਹੈ; ਜਾਂ

(ੲ) ਕਿ ਅਰਜ਼ੀਦਾਰ ਦੀ ਸੰਮਤੀ, ਜਾਂ ਜਿੱਥੇ ਅਰਜ਼ੀਦਾਰ ਦੇ ਵਿਆਹ ਬਾਰੇ ਸਰਪ੍ਰਸਤ ਦੀ ਸੰਮਤੀ ਧਾਰਾ 5, ਜਿਹੀ ਕਿ ਉਹ ਬਾਲ-ਵਿਆਹ ਰੋਕ (ਸੋਧ) ਐਕਟ, 1978 ਦੇ ਅਰੰਭ ਤੋਂ ਤੁਰਤ ਪਹਿਲਾਂ ਸੀ, ਅਧੀਨ ਲੋੜੀਂਦੀ ਸੀ ਉੱਥੇ ਅਜਿਹੀ ਸਰਪ੍ਰਸਤ ਦੀ ਸੰਮਤੀ, ਬਲ ਦੁਆਰਾ ਜਾਂ ਰਸਮ ਦੀ ਪ੍ਰਕਿਰਤੀ ਬਾਬਤ ਜਾਂ ਉੱਤਰਦਾਰ ਸੰਬੰਧੀ ਕਿਸੇ ਅਹਿਮ ਤੱਥ ਜਾਂ ਹਾਲਤ ਬਾਬਤ ਕਪਟ ਦੁਆਰਾ ਪ੍ਰਾਪਤ ਕੀਤੀ ਗਈ ਸੀ; ਜਾਂ

(ਸ) ਕਿ ਉੱਤਰਦਾਰ ਵਿਆਹ ਦੇ ਸਮੇਂ ਅਰਜ਼ੀਦਾਰ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਦੁਆਰਾ ਗਰਭਵਤੀ ਸੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਵਿਆਹ ਬਾਤਲ ਕਰਨ ਲਈ ਕੋਈ ਅਰਜ਼ੀ-

(ੳ) ਉਪ-ਧਾਰਾ (1) ਦੇ ਖੰਡ (ੲ) ਵਿੱਚ ਉਲਿਖਤ ਆਧਾਰ ਤੇ ਨਹੀਂ ਲਈ ਜਾਵੇਗੀ ਜੇ-

(i) ਅਰਜ਼ੀ ਬਲ ਦੇ ਅਮਲ ਵਿੱਚ ਨ ਰਹਿਣ ਜਾਂ, ਜਿਹੀ ਕਿ ਸੂਰਤ ਹੋਵੇ, ਕਪਟ ਦਾ ਪਤਾ ਲੱਗ ਜਾਣ ਤੋਂ ਇੱਕ ਸਾਲ ਤੋਂ ਵੱਧ ਪਿੱਛੋਂ ਪੇਸ਼ ਕੀਤੀ ਜਾਂਦੀ ਹੈ; ਜਾਂ

(ii) ਅਰਜ਼ੀਦਾਰ ਬਲ ਦੇ ਅਮਲ ਵਿੱਚ ਨ ਰਹਿਣ ਜਾਂ, ਜਿਹੀ ਕਿ ਸੂਰਤ ਹੋਵੇ, ਕਪਟ ਦਾ ਪਤਾ ਲੱਗ ਜਾਣ ਤੋਂ ਪਿੱਛੋਂ ਆਪਣੀ ਪੂਰੀ ਸੰਮਤੀ ਨਾਲ, ਵਿਆਹ ਦੀ ਦੂਜੀ ਧਿਰ ਨਾਲ ਪਤੀ ਜਾਂ ਪਤਨੀ ਵਜੋਂ ਰਹੀ ਹੈ।

(ਅ) ਉਪ-ਧਾਰਾ (1) ਦੇ ਖੰਡ (ਸ) ਵਿੱਚ ਉਲਿਖਤ ਆਧਾਰ ਤੇ ਨਹੀਂ ਲਈ ਜਾਵੇਗੀ, ਜੇਕਰ ਅਦਾਲਤ ਦੀ ਤਸੱਲੀ ਨਹੀਂ ਹੋ ਜਾਂਦੀ-

(i) ਕਿ ਅਰਜ਼ੀਦਾਰ ਵਿਆਹ ਦੇ ਸਮੇਂ ਕਥਿਤ ਤੱਥਾਂ ਤੋਂ ਅਣਜਾਣ ਸੀ;

(ii) ਕਿ ਕਾਰਵਾਈਆਂ, ਇਸ ਐਕਟ ਦੇ ਅਰੰਭ ਤੋਂ ਪਹਿਲਾਂ ਸੰਸਕਾਰੇ ਵਿਆਹ ਦੀ ਸੂਰਤ ਵਿੱਚ ਅਜਿਹੇ ਅਰੰਭ ਤੋਂ ਇੱਕ ਸਾਲ ਦੇ ਅੰਦਰ ਅਤੇ ਅਜਿਹੇ ਅਰੰਭ ਤੋਂ ਪਿੱਛੋਂ ਸੰਸਕਾਰੇ ਵਿਆਹਾਂ ਦੀ ਸੂਰਤ ਵਿੱਚ ਵਿਆਹ ਦੀ ਤਰੀਕ ਤੋਂ ਇੱਕ ਸਾਲ ਦੇ ਅੰਦਰ ਦਾਇਰ ਕੀਤੀਆਂ ਗਈਆਂ ਹਨ; ਅਤੇ

(iii) ਕਿ ਅਰਜ਼ੀਦਾਰ ਨੂੰ ਉਕਤ ਆਧਾਰ ਦੀ ਹੋਂਦ ਦਾ ਪਤਾ ਲੱਗ ਜਾਣ ਉਪਰੰਤ ਅਰਜ਼ੀਦਾਰ ਦੀ ਸੰਮਤੀ ਨਾਲ ਵਿਆਹਕ ਭੋਗ ਨਹੀਂ ਹੋਇਆ ਹੈ।

ਤਲਾਕ। 13. (1) ਕੋਈ ਵਿਆਹ, ਭਾਵੇਂ ਉਹ ਇਸ ਐਕਟ ਦੇ ਅਰੰਭ ਤੋਂ ਪਹਿਲਾਂ ਸੰਸਕਾਰਿਆ ਗਿਆ ਹੋਵੇ ਜਾਂ ਪਿੱਛੋਂ, ਪਤੀ ਜਾਂ ਪਤਨੀ ਦੁਆਰਾ ਪੇਸ਼ ਕੀਤੀ ਅਰਜ਼ੀ ਤੇ, ਤਲਾਕ ਦੀ ਡਿਗਰੀ ਦੁਆਰਾ ਇਸ ਆਧਾਰ ਤੇ ਤੋੜਿਆ ਜਾ ਸਕੇਗਾ ਕਿ ਦੂਜੀ ਧਿਰ-

(i) ਨੇ, ਵਿਆਹ ਦੇ ਸੰਸਕਾਰ ਪਿੱਛੋਂ, ਆਪਣੀ ਪਤਨੀ ਜਾਂ ਆਪਣੇ ਪਤੀ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਨਾਲ ਸਵੈ-ਇੱਛੁਕ ਲਿੰਗ ਭੋਗ ਕੀਤਾ ਹੈ; ਜਾਂ

(iਓ) ਨੇ, ਵਿਆਹ ਦੇ ਸੰਸਕਾਰ ਪਿੱਛੋਂ, ਅਰਜ਼ੀਦਾਰ ਨਾਲ ਨਿਰਦਇਤਾ ਵਾਲਾ ਸਲੂਕ ਕੀਤਾ ਹੈ; ਜਾਂ

(iਅ) ਨੇ ਅਰਜ਼ੀਦਾਰ ਨੂੰ ਅਰਜ਼ੀ ਪੇਸ਼ ਕਰਨ ਤੋਂ ਤੁਰਤ ਪਹਿਲਾਂ ਦੋ ਸਾਲ ਤੋਂ ਨ ਘਟਦੀ ਲਗਾਤਾਰ ਮੁੱਦਤ ਲਈ ਛੱਡ ਰੱਖਿਆ ਹੈ; ਜਾਂ

(ii) ਕਿਸੇ ਹੋਰ ਧਰਮ ਵਿੱਚ ਪਰਿਵਰਤਤ ਹੋ ਜਾਣ ਦੁਆਰਾ ਹਿੰਦੂ ਨਹੀਂ ਰਹੀ ਹੈ; ਜਾਂ

(iii) ਲਾਇਲਾਜ ਵਿਗੜ-ਚਿਤ ਰਹੀ ਹੈ, ਜਾਂ ਅਜਿਹੀ ਕਿਸਮ ਦੀ ਅਤੇ ਅਜਿਹੀ ਹੱਦ ਤੱਕ ਮਾਨਸਕ ਖਰਾਬੀ ਨਾਲ ਲਗਾਤਾਰ ਜਾਂ ਰੁਕ

ਰੁਕ ਕੇ ਪੀੜਤ ਰਹੀ ਹੈ ਕਿ ਅਰਜ਼ੀਦਾਰ ਤੋਂ ਉੱਤਰਦਾਰ ਨਾਲ ਰਹਿਣ ਦੀ ਵਾਜਬ ਤੌਰ ਤੇ ਆਸ ਨਹੀਂ ਕੀਤੀ ਜਾ ਸਕਦੀ।

ਵਿਆਖਿਆ- ਇਸ ਖੰਡ ਵਿੱਚ,-

(ੳ) ਪਦ "ਮਾਨਸਕ ਖਰਾਬੀ" ਦਾ ਮਤਲਬ ਹੈ ਮਾਨਸਕ ਬੀਮਾਰੀ, ਮਨ ਦਾ ਰੁਕਿਆ ਜਾਂ ਅਪੂਰਨ ਵਿਕਾਸ, ਮਨੋ-ਵਿਗਾੜ ਵਾਲੀ ਖਰਾਬੀ ਜਾਂ ਮਨ ਦੀ ਕੋਈ ਹੋਰ ਖਰਾਬੀ ਜਾਂ ਨਿਰਯੋਗਤਾ ਅਤੇ ਇਸ ਵਿੱਚ ਸ਼ਿਜ਼ੋਫਰੀਨੀਆ ਸ਼ਾਮਲ ਹੈ;

(ਅ) ਪਦ-"ਮਨੋ-ਵਿਗਾੜ ਵਾਲੀ ਖਰਾਬੀ" ਦਾ ਮਤਲਬ ਹੈ ਮਨ ਦੀ ਨਿਰੰਤਰ ਖਰਾਬੀ ਜਾਂ ਨਿਰਯੋਗਤਾ (ਭਾਵੇਂ ਇਸ ਵਿੱਚ ਬੁੱਧੀ ਦੀ ਉਪ-ਸਾਧਾਰਨਤਾ ਸ਼ਾਮਲ ਹੋਵੇ ਜਾਂ ਨ) ਜਿਸ ਦਾ ਨਤੀਜਾ ਦੂਜੀ ਧਿਰ ਦੁਆਰਾ ਅਸਾਧਾਰਨ ਤੌਰ ਤੇ ਵਧੀਕੀ ਵਾਲਾ ਜਾਂ ਗੰਭੀਰ ਤੌਰ ਤੇ ਗ਼ੈਰ-ਜ਼ਿੰਮੇਵਾਰੀ ਵਾਲਾ ਆਚਰਣ ਹੁੰਦਾ ਹੈ, ਅਤੇ ਭਾਵੇਂ ਉਸ ਚਕਿਤਸਕ ਇਲਾਜ ਲੋੜਦੀ ਹੋਵੇ ਜਾਂ ਨ ਜਾਂ ਉਸ ਦੇ ਚਕਿਤਸਕ ਇਲਾਜ ਦਾ ਅਸਰ ਹੋ ਸਕਦਾ ਹੋਵੇ ਜਾਂ ਨ, ਜਾਂ

[1](iv) ਵਧੰਤਰ ਅਤੇ ਲਾਇਲਾਜ ਰੂਪ ਵਿੱਚ ਕੋੜ੍ਹ ਨਾਲ ਬੀਮਾਰ ਰਹੀ ਹੈ; ਜਾਂ

(v) ਸੰਚਾਰੀ ਰੂਪ ਵਿੱਚ ਲਿੰਗ ਰੋਗ ਨਾਲ ਬੀਮਾਰ ਰਹੀ ਹੈ; ਜਾਂ

(vi) ਨੇ ਕਿਸੇ ਧਾਰਮਕ ਪੰਥ ਵਿੱਚ ਪ੍ਰਵੇਸ਼ ਕਰਕੇ ਸੰਸਾਰ ਤਿਆਗ ਦਿੱਤਾ ਹੈ; ਜਾਂ

(vii) ਸੱਤ ਸਾਲ ਦੀ ਜਾਂ ਵੱਧ ਮੁੱਦਤ ਤੋਂ ਉਨ੍ਹਾਂ ਵਿਅਕਤੀਆਂ ਦੁਆਰਾ ਜ਼ਿੰਦਾ ਨਹੀਂ ਸੁਣੀ ਗਈ, ਜਿਨ੍ਹਾਂ ਨੇ ਉਸ ਬਾਰੇ ਕੁਦਰਤੀ ਤੌਰ ਤੇ ਸੁਣ ਲਿਆ ਹੁੰਦਾ, ਜੇ ਉਹ ਧਿਰ ਜ਼ਿੰਦਾ ਹੁੰਦੀ।

ਵਿਆਖਿਆ- ਇਸ ਉਪ-ਧਾਰਾ ਵਿੱਚ ਪਦ "ਛੱਡਣ" ਦਾ ਮਤਲਬ ਹੈ ਅਰਜ਼ੀਦਾਰ ਨੂੰ ਵਿਆਹ ਦੀ ਦੂਜੀ ਧਿਰ ਦੁਆਰਾ ਵਾਜਬ ਕਾਰਨ ਤੋਂ ਬਿਨਾਂ ਅਤੇ ਅਜਿਹੀ ਧਿਰ ਦੀ ਸੰਮਤੀ ਤੋਂ ਬਿਨਾਂ ਜਾਂ ਇੱਛਾ ਦੇ ਖਿਲਾਫ਼ ਛੱਡਣਾ, ਅਤੇ ਇਸ ਵਿੱਚ ਵਿਆਹ ਦੀ ਦੂਜੀ ਧਿਰ, ਦੁਆਰਾ ਅਰਜ਼ੀਦਾਰ ਪ੍ਰਤੀ ਜਾਣ ਬੁੱਝ ਕੇ ਕੀਤੀ ਅਣਗਹਿਲੀ ਸ਼ਾਮਲ ਹੈ, ਅਤੇ ਇਸ ਦੇ ਵਿਆਕਰਣਕ ਰੂਪਾਂਤਰਾਂ ਅਤੇ ਸੁਜਾਤੀ ਪਦਾਂ ਦਾ ਅਰਥ ਉਸ ਦੇ ਅਨੁਸਾਰ ਕੱਢਿਆ ਜਾਵੇਗਾ।

---

[1] 2019 ਦੇ ਐਕਟ ਨੰ: 6 ਦੀ ਧਾਰਾ 5 ਦੁਆਰਾ ਲੋਪ ਕੀਤਾ ਗਿਆ।

(1ੳ) ਵਿਆਹ ਦੀ ਕੋਈ ਧਿਰ, ਭਾਵੇਂ ਵਿਆਹ ਇਸ ਐਕਟ ਦੇ ਅਰੰਭ ਤੋਂ ਪਹਿਲਾਂ ਸੰਸਕਾਰਿਆ ਗਿਆ ਹੋਵੇ ਜਾਂ ਪਿੱਛੋਂ, ਤਲਾਕ ਦੀ ਡਿਗਰੀ ਦੁਆਰਾ ਇਸ ਆਧਾਰ 'ਤੇ ਵੀ ਵਿਆਹ ਦੇ ਤੁੜਾਓ ਲਈ ਅਰਜ਼ੀ ਪੇਸ਼ ਕਰ ਸਕੇਗੀ-

(i) ਕਿ ਵਿਆਹ ਦੀਆਂ ਧਿਰਾਂ ਵਿਚਕਾਰ, ਕਿਸੇ ਕਾਰਵਾਈ ਵਿੱਚ, ਜਿਸ ਦੀਆਂ ਕਿ ਉਹ ਧਿਰਾਂ ਸਨ, ਨਿਆਂਇਕ ਅਲਹਿਦਗੀ ਲਈ ਡਿਗਰੀ ਪਾਸ ਹੋਣ ਜਾਣ ਤੋਂ ਪਿੱਛੋਂ, ਇੱਕ ਸਾਲ ਜਾਂ ਉੱਪਰ ਦੀ ਮੁੱਦਤ ਲਈ ਸਹਿਵਾਸ ਦਾ ਮੁੜ ਅਰੰਭ ਨਹੀਂ ਹੋਇਆ ਹੈ; ਜਾਂ

(ii) ਕਿ ਵਿਆਹ ਦੀਆਂ ਧਿਰਾਂ ਵਿਚਕਾਰ, ਕਿਸੇ ਕਾਰਵਾਈ ਵਿੱਚ, ਜਿਸ ਦੀਆਂ ਕਿ ਉਹ ਧਿਰਾਂ ਸਨ, ਵਿਆਹਕ ਅਧਿਕਾਰਾਂ ਦੇ ਮੁੜ-ਸਥਾਪਨ ਲਈ ਡਿਗਰੀ ਪਾਸ ਹੋ ਜਾਣ ਤੋਂ ਪਿੱਛੋਂ, ਇੱਕ ਸਾਲ ਜਾਂ ਉੱਪਰ ਦੀ ਮੁੱਦਤ ਲਈ ਵਿਆਹਕ ਅਧਿਕਾਰਾਂ ਦਾ ਮੁੜ-ਸਥਾਪਨ ਨਹੀਂ ਹੋਇਆ ਹੈ।

(2) ਪਤਨੀ, ਤਲਾਕ ਦੀ ਡਿਗਰੀ ਦੁਆਰਾ ਇਸ ਆਧਾਰ ਤੇ ਵੀ ਆਪਣੇ ਵਿਆਹ ਤੇ ਤੁੜਾਓ ਲਈ ਅਰਜ਼ੀ ਪੇਸ਼ ਕਰ ਸਕੇਗੀ,-

(i) ਕਿ, ਇਸ ਐਕਟ ਦੇ ਅਰੰਭ ਤੋਂ ਪਹਿਲਾਂ ਸੰਸਕਾਰੇ ਕਿਸੇ ਵਿਆਹ ਦੀ ਸੂਰਤ ਵਿੱਚ, ਪਤੀ ਨੇ ਅਜਿਹੇ ਅਰੰਭ ਤੋਂ ਪਹਿਲਾਂ ਫੇਰ ਵਿਆਹ ਕਰਾ ਲਿਆ ਸੀ, ਜਾਂ ਇਹ ਕਿ ਪਤੀ ਦੀ ਅਜਿਹੇ ਅਰੰਭ ਤੋਂ ਪਹਿਲਾਂ ਵਿਆਹੀ ਕੋਈ ਹੋਰ ਪਤਨੀ ਅਰਜ਼ੀਦਾਰ ਦੇ ਵਿਆਹ ਸੰਸਕਾਰ ਸਮੇਂ ਜ਼ਿੰਦਾ ਸੀ:

ਪਰੰਤੂ ਦੋਹਾਂ ਸੂਰਤਾਂ ਵਿੱਚ ਅਰਜ਼ੀ ਪੇਸ਼ ਕਰਨ ਸਮੇਂ ਦੂਜੀ ਪਤਨੀ ਜ਼ਿੰਦਾ ਹੈ; ਜਾਂ

(ii) ਕਿ ਪਤੀ, ਵਿਆਹ ਸੰਸਕਾਰ ਉਪਰੰਤ, ਜਬਰ-ਜ਼ਨਾਹ, ਗੁਦਾ-ਭੋਗ, ਜਾਂ ਪਸੂ-ਗਮਨ ਦਾ ਦੋਸ਼ੀ ਰਿਹਾ ਹੈ; ਜਾਂ

(iii) ਕਿ ਹਿੰਦੂ ਗੋਦਲੈਣ ਅਤੇ ਗੁਜ਼ਾਰਾ ਐਕਟ, 1956 ਦੀ ਧਾਰਾ 18 ਅਧੀਨ ਕਿਸੇ ਦਾਵੇ ਵਿੱਚ, ਜਾਂ ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਦੀ ਧਾਰਾ 125 ਅਧੀਨ (ਜਾਂ ਫ਼ੌਜਦਾਰੀ ਜ਼ਾਬਤਾ ਸੰਘਤਾ, 1898 ਦੀ ਤਤਸਥਾਨੀ ਧਾਰਾ 488 ਅਧੀਨ) ਕਿਸੇ ਕਾਰਵਾਈ ਵਿੱਚ ਪਤੀ ਦੇ ਵਿਰੁੱਧ ਪਤਨੀ ਨੂੰ ਗੁਜ਼ਾਰਾ ਦਿਵਾਉਣ ਵਾਲੀ ਕੋਈ ਡਿਗਰੀ ਜਾਂ ਹੁਕਮ, ਜਿਹੀ ਕਿ ਸੂਰਤ ਹੋਵੇ, ਪਾਸ ਕੀਤਾ ਗਿਆ ਹੈ ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕਿ ਉਹ ਵੱਖ ਰਹਿ ਰਹੀ ਸੀ ਅਤੇ ਅਜਿਹੀ ਡਿਗਰੀ ਜਾਂ ਹੁਕਮ ਪਾਸ ਕੀਤੇ ਜਾਣ ਉਪਰੰਤ ਇੱਕ ਸਾਲ ਜਾਂ ਵੱਧ ਸਮੇਂ ਤੋਂ ਧਿਰਾਂ ਵਿਚਕਾਰ ਸਹਿਵਾਸ ਮੁੜ-ਸ਼ੁਰੂ ਨਹੀਂ ਕੀਤਾ ਗਿਆ ਹੈ; ਜਾਂ

(iv) ਕਿ ਉਸਦਾ ਵਿਆਹ (ਭਾਵੇਂ ਸੰਭੋਗ ਹੋਇਆ ਹੋਵੇ ਜਾਂ ਨ) ਉਸਦੇ 15 ਸਾਲ ਦੀ ਉਮਰ ਪ੍ਰਾਪਤ ਕਰਨ ਤੋਂ ਪਹਿਲਾਂ ਸੰਸਕਾਰਿਆ ਗਿਆ ਸੀ ਅਤੇ ਉਸਨੇ ਉਹ ਉਮਰ ਪ੍ਰਾਪਤ ਕਰਨ ਤੋਂ ਪਿੱਛੋਂ ਪਰ

ਅਠਾਰਾਂ ਸਾਲ ਦੀ ਉਮਰ ਪ੍ਰਾਪਤ ਕਰਨ ਤੋਂ ਪਹਿਲਾਂ ਨਿਰਾਕ੍ਰਿਤ ਕਰ ਦਿੱਤਾ ਹੈ।

ਵਿਆਖਿਆ– ਵਿਆਹ ਭਾਵੇਂ ਵਿਆਹ ਕਾਨੂੰਨ (ਸੋਧ) ਐਕਟ, 1976 ਦੇ ਅਰੰਭ ਤੋਂ ਪਹਿਲਾਂ ਸੰਸਕਾਰਿਆ ਗਿਆ ਸੀ ਜਾਂ ਪਿੱਛੋਂ, ਇਹ ਖੰਡ ਲਾਗੂ ਹੁੰਦਾ ਹੈ।

ਤਲਾਕ ਦੀ ਕਾਰਵਾਈ ਵਿੱਚ ਬਦਲਵੀਂ ਦਾਦਰਸੀ।

13ੳ. ਤਲਾਕ ਦੀ ਡਿਗਰੀ ਦੁਆਰਾ ਵਿਆਹ ਦੇ ਤੁੜਾਓ ਲਈ ਅਰਜ਼ੀ ਤੇ, ਇਸ ਐਕਟ ਅਧੀਨ ਕਿਸੇ ਕਾਰਵਾਈ ਵਿੱਚ, ਸਿਵਾਏ ਉੱਥੇ ਦੇ ਜਿੱਥੇ ਅਰਜ਼ੀ ਧਾਰਾ 13 ਦੀ ਉਪ-ਧਾਰਾ (1) ਦੇ ਖੰਡ (ii), (vi) ਅਤੇ (vii) ਵਿੱਚ ਜ਼ਿਕਰ ਕੀਤੇ ਆਧਾਰਾਂ ਤੇ ਮਬਨੀ ਹੈ, ਜੇ ਅਦਾਲਤ ਮਾਮਲੇ ਦੇ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ ਅਜਿਹਾ ਕਰਨਾ ਨਿਆਂ-ਸੰਗਤ ਸਮਝੇ, ਤਾਂ ਤਲਾਕ ਦੀ ਬਜਾਏ ਨਿਆਂਇਕ ਅਲਹਿਦਗੀ ਲਈ ਡਿਗਰੀ ਪਾਸ ਕਰ ਸਕੇਗੀ।

ਪਰਸਪਰ ਸੰਮਤੀ ਦੁਆਰਾ ਤਲਾਕ।

13ਅ. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਕਿਸੇ ਵਿਆਹ ਦੀਆਂ ਦੋਹਾਂ ਧਿਰਾਂ ਦੁਆਰਾ, ਭਾਵੇਂ ਵਿਆਹ ਕਾਨੂੰਨ (ਸੋਧ) ਐਕਟ, 1976 ਦੇ ਅਰੰਭ ਤੋਂ ਪਹਿਲਾਂ ਅਜਿਹਾ ਵਿਆਹ ਸੰਸਕਾਰਿਆ ਗਿਆ ਸੀ ਜਾਂ ਪਿੱਛੋਂ, ਇਕੱਠਿਆਂ ਜ਼ਿਲ੍ਹਾ ਅਦਾਲਤ ਨੂੰ ਤਲਾਕ ਦੀ ਡਿਗਰੀ ਦੁਆਰਾ ਵਿਆਹ ਦੇ ਤੁੜਾਓ ਲਈ ਅਰਜ਼ੀ ਇਸ ਆਧਾਰ ਤੇ ਪੇਸ਼ ਕੀਤੀ ਜਾ ਸਕੇਗੀ ਕਿ ਉਹ ਇੱਕ ਸਾਲ ਜਾਂ ਵੱਧ ਮੁੱਦਤ ਤੋਂ ਵੱਖ ਵੱਖ ਰਹਿ ਰਹੇ ਹਨ, ਕਿ ਉਹ ਇਕੱਠੇ ਨਹੀਂ ਰਹਿ ਸਕੇ ਅਤੇ ਇਹ ਕਿ ਉਹ ਪਰਸਪਰ ਤੌਰ ਤੇ ਸਹਿਮਤ ਹੋ ਗਏ ਹਨ ਕਿ ਵਿਆਹ ਤੋੜ ਦਿੱਤਾ ਜਾਵੇ।

(2) ਦੋਹਾਂ ਧਿਰਾਂ ਦੇ ਪ੍ਰਸਤਾਵ ਤੇ, ਜੋ ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਅਰਜ਼ੀ ਦੇ ਪੇਸ਼ ਕਰਨ ਦੀ ਤਰੀਕ ਪਿੱਛੋਂ ਛੇ ਮਹੀਨੇ ਤੋਂ ਪਹਿਲਾਂ ਅਤੇ ਉਕਤ ਤਰੀਕ ਪਿੱਛੋਂ ਅਠਾਰਾਂ ਮਹੀਨੇ ਤੋਂ ਬਾਦ ਨ ਕੀਤਾ ਗਿਆ ਹੋਵੇ, ਜੇ ਇਸ ਸਮੇਂ ਵਿੱਚ ਉਹ ਅਰਜ਼ੀ ਵਾਪਸ ਨ ਲੈ ਲਈ ਜਾਵੇ, ਅਦਾਲਤ, ਧਿਰਾਂ ਨੂੰ ਸੁਣਨ ਪਿੱਛੋਂ ਅਤੇ ਅਜਿਹੀ ਜਾਂਚ ਕਰਨ ਪਿੱਛੋਂ ਜੇ ਉਹ ਠੀਕ ਸਮਝੇ ਇਹ ਤਸੱਲੀ ਹੋਣ ਤੇ ਕਿ ਵਿਆਹ ਸੰਸਕਾਰਿਆ ਗਿਆ ਹੈ ਅਤੇ ਅਰਜ਼ੀ ਵਿੱਚ ਦੇ ਪ੍ਰਕਥਨ ਸੱਚ ਹਨ, ਡਿਗਰੀ ਦੀ ਤਰੀਕ ਤੋਂ ਵਿਆਹ ਤੋੜ ਦਿੱਤਾ ਗਿਆ ਕਰਾਰ ਦਿੰਦੀ ਤਲਾਕ ਦੀ ਡਿਗਰੀ ਪਾਸ ਕਰੇਗੀ।

ਤਲਾਕ ਲਈ ਕੋਈ ਅਰਜ਼ੀ ਵਿਆਹ ਤੋਂ ਤਿੰਨ ਸਾਲ ਅੰਦਰ ਪੇਸ਼ ਨ ਕੀਤੀ ਜਾਵੇ।

14. (1) ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਅਦਾਲਤ ਤਲਾਕ ਦੀ ਡਿਗਰੀ ਦੁਆਰਾ ਵਿਆਹ ਦੇ ਤੁੜਾਓ ਲਈ ਕੋਈ ਅਰਜ਼ੀ ਲੈਣ ਲਈ ਸ਼ਕਤਵਾਨ ਨਹੀਂ ਹੋਵੇਗੀ, ਜੇਕਰ ਅਰਜ਼ੀ ਪੇਸ਼ ਕਰਨ ਦੀ ਤਰੀਕ ਨੂੰ, ਵਿਆਹ ਦੀ ਤਰੀਕ ਤੇ ਇੱਕ ਸਾਲ ਨਹੀਂ ਬੀਤ ਚੁੱਕਿਆ ਹੈ:

ਪਰੰਤੂ ਅਦਾਲਤ, ਅਜਿਹੇ ਨਿਯਮਾਂ ਦੀ ਅਨੁਸਾਰਤਾ ਵਿੱਚ ਜੋ ਉੱਚ ਅਦਾਲਤ ਦੁਆਰਾ ਇਸ ਨਮਿੱਤ ਬਣਾਏ ਜਾਣ, ਉਸਨੂੰ ਦਰਖ਼ਾਸਤ ਦੇਣ ਤੇ, ਵਿਆਹ ਦੀ ਤਰੀਕ ਤੋਂ ਇੱਕ ਸਾਲ ਬੀਤ ਜਾਣ ਤੋਂ ਪਹਿਲਾਂ ਇਸ ਆਧਾਰ ਤੇ ਅਰਜ਼ੀ ਪੇਸ਼ ਕਰਨ ਦੀ ਆਗਿਆ ਦੇ ਸਕੇਗੀ ਕਿ ਮਾਮਲਾ ਅਰਜ਼ੀਦਾਰ ਲਈ ਅਪਵਾਦੀ ਔਕੜ ਵਾਲਾ ਜਾਂ ਉੱਤਰਦਾਰ ਵੱਲੋਂ ਅਪਵਾਦੀ ਵਿਭਚਾਰ ਵਾਲਾ ਹੈ, ਪਰ, ਜੇ ਅਦਾਲਤ ਨੂੰ ਅਰਜ਼ੀ ਦੀ ਸੁਣਵਾਈ ਵੇਲੇ ਇਹ ਪ੍ਰਤੀਤ ਹੋਵੇ ਕਿ ਅਰਜ਼ੀਦਾਰ ਨੇ ਅਰਜ਼ੀ ਪੇਸ਼ ਕਰਨ ਦੀ ਇਜਾਜ਼ਤ ਮਾਮਲੇ ਦੀ ਪ੍ਰਕਿਰਤੀ ਬਾਰੇ ਕਿਸੇ ਗ਼ਲਤ-ਬਿਆਨੀ ਜਾਂ ਲੁਕੋ ਦੁਆਰਾ ਪ੍ਰਾਪਤ ਕੀਤੀ ਸੀ, ਤਾਂ ਅਦਾਲਤ, ਜੋ ਉਹ ਡਿਗਰੀ ਦੇ ਦਿੰਦੀ ਹੈ, ਅਜਿਹਾ

ਇਸ ਸ਼ਰਤ ਦੇ ਤਾਬੇ ਕਰ ਸਕੇਗੀ ਕਿ ਡਿਗਰੀ ਵਿਆਹ ਦੀ ਤਰੀਕ ਤੋਂ ਇੱਕ ਸਾਲ ਨ ਗੁਜ਼ਰਨ ਤੱਕ ਪ੍ਰਭਾਵੀ ਨਹੀਂ ਹੋਵੇਗੀ ਜਾਂ ਕਿਸੇ ਅਜਿਹੀ ਅਰਜ਼ੀ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਅਰਜ਼ੀ ਖਾਰਜ ਕਰ ਸਕੇਗੀ ਜੋ ਉਕਤ ਇੱਕ ਸਾਲ ਗੁਜ਼ਰਨ ਪਿੱਛੋਂ ਉਨ੍ਹਾਂ ਹੀ ਜਾਂ ਸਾਰਵਾਨ ਰੂਪ ਵਿੱਚ ਉਨ੍ਹਾਂ ਹੀ ਤੱਥਾਂ ਤੇ ਪੇਸ਼ ਕੀਤਾ ਜਾਵੇ ਜੋ ਇਸ ਤਰ੍ਹਾਂ ਖਾਰਜ ਕੀਤੀ ਅਰਜ਼ੀ ਦੇ ਸਮਰੱਥਨ ਵਿੱਚ ਕਥਿਤ ਹੋਣ।

(2) ਵਿਆਹ ਦੀ ਤਰੀਕ ਤੋਂ ਇੱਕ ਸਾਲ ਗੁਜ਼ਰਨ ਤੋਂ ਪਹਿਲਾਂ ਤਲਾਕ ਲਈ ਅਰਜ਼ੀ ਪੇਸ਼ ਕਰਨ ਵਾਸਤੇ ਇਜਾਜ਼ਤ ਲਈ ਕਿਸੇ ਦਰਖ਼ਾਸਤ ਦਾ ਇਸ ਧਾਰਾ ਅਧੀਨ ਨਿਪਟਾਰਾ ਕਰਨ ਲੱਗਿਆਂ ਅਦਾਲਤ ਵਿਆਹ ਦੇ ਕਿਸੇ ਬੱਚੇ ਦੇ ਹਿੱਤਾਂ ਨੂੰ ਅਤੇ ਇਸ ਸਵਾਲ ਨੂੰ ਧਿਆਨ ਵਿੱਚ ਰੱਖੇਗੀ ਕਿ ਕੀ ਉਕਤ ਇੱਕ ਸਾਲ ਗੁਜ਼ਰਨ ਤੋਂ ਪਹਿਲਾਂ ਧਿਰਾਂ ਵਿਚਕਾਰ ਮੰਨ ਮਨਾਈ ਦੀ ਵਾਜਬ ਅਧਿਸੰਭਵਤਾ ਹੈ।

ਤਲਾਕ ਪ੍ਰਾਪਤ ਵਿਅਕਤੀ ਫੇਰ ਵਿਆਹ ਕਦੋਂ ਕਰ ਸਕਣਗੇ।

15. ਜਦੋਂ ਕੋਈ ਵਿਆਹ ਤਲਾਕ ਦੀ ਡਿਗਰੀ ਦੁਆਰਾ ਤੋੜ ਦਿੱਤਾ ਗਿਆ ਹੋਵੇ ਅਤੇ ਜਾਂ ਤਾਂ ਡਿਗਰੀ ਤੋਂ ਅਪੀਲ ਕਰਨ ਦਾ ਕੋਈ ਅਧਿਕਾਰ ਨਾ ਹੋਵੇ ਜਾਂ, ਜੇ ਅਪੀਲ ਕਰਨ ਦਾ ਅਜਿਹਾ ਅਧਿਕਾਰ ਹੋਵੇ, ਤਾਂ ਅਪੀਲ ਪੇਸ਼ ਕੀਤੇ ਜਾਣ ਤੋਂ ਬਿਨਾਂ ਅਪੀਲ ਕਰਨ ਦਾ ਸਮਾਂ ਗੁਜ਼ਰ ਗਿਆ ਹੋਵੇ, ਜਾਂ ਅਪੀਲ ਪੇਸ਼ ਕੀਤੀ ਗਈ ਹੋਵੇ ਪਰ ਖਾਰਜ ਕਰ ਦਿੱਤੀ ਗਈ ਹੋਵੇ, ਤਾਂ ਵਿਆਹ ਦੀ ਕਿਸੇ ਧਿਰ ਲਈ ਫੇਰ ਵਿਆਹ ਕਰਨਾ ਕਾਨੂੰਨਪੂਰਨ ਹੋਵੇਗਾ।

ਸੁੰਨ ਅਤੇ ਸੁੰਨਕਰਣਯੋਗ ਵਿਆਹਾਂ ਦੇ ਬੱਚਿਆਂ ਦੀ ਜਾਇਜ਼ਤਾ।

16. (1) ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕਿ ਕੋਈ ਵਿਆਹ ਧਾਰਾ 11 ਅਧੀਨ ਬਾਤਲ ਅਤੇ ਸੁੰਨ ਹੈ, ਅਜਿਹੇ ਵਿਆਹ ਦਾ ਕੋਈ ਵੀ ਬੱਚਾ ਜਾਇਜ਼ ਹੋਵੇਗਾ, ਜੋ ਜਾਇਜ਼ ਹੁੰਦਾ ਜੇ ਉਹ ਵਿਆਹ ਜਾਇਜ਼ ਹੁੰਦਾ, ਭਾਵੇਂ ਅਜਿਹਾ ਬੱਚਾ ਵਿਆਹ ਕਾਨੂੰਨ (ਸੋਧ) ਐਕਟ, 1976, ਦੇ ਅਰੰਭ ਤੋਂ ਪਹਿਲਾਂ ਜੰਮਿਆ ਹੋਵੇ ਜਾਂ ਪਿੱਛੋਂ, ਅਤੇ ਭਾਵੇਂ ਉਸ ਵਿਆਹ ਬਾਰੇ ਇਸ ਐਕਟ ਅਧੀਨ ਬਾਤਲ ਹੋਣ ਦੀ ਡਿਗਰੀ ਦਿੱਤੀ ਜਾਵੇ ਜਾਂ ਨ ਅਤੇ ਭਾਵੇਂ ਉਹ ਵਿਆਹ ਇਸ ਐਕਟ ਅਧੀਨ ਅਰਜ਼ੀ ਤੋਂ ਬਿਨਾਂ ਹੋਰਵੇਂ ਸੁੰਨ ਕਰਾਰ ਦਿੱਤਾ ਜਾਵੇ ਜਾਂ ਨ।

(2) ਜਿੱਥੇ ਧਾਰਾ 12 ਅਧੀਨ ਕਿਸੇ ਸੁੰਨਕਰਣਯੋਗ ਵਿਆਹ ਬਾਰੇ ਬਾਤਲ ਹੋਣ ਦੀ ਡਿਗਰੀ ਦਿੱਤੀ ਜਾਂਦੀ ਹੈ, ਉੱਥੇ ਡਿਗਰੀ ਦੇਣ ਤੋਂ ਪਹਿਲਾਂ ਜੰਮਿਆਂ ਜਾਂ ਨਿੰਮਿਆਂ ਕੋਈ ਬੱਚਾ, ਜੋ ਵਿਆਹ ਦੀਆਂ ਧਿਰਾਂ ਦਾ ਜਾਇਜ਼ ਬੱਚਾ ਹੁੰਦਾ, ਬਾਤਲ ਹੋਣ ਦੀ ਡਿਗਰੀ ਦੇ ਹੁੰਦਿਆਂ ਹੋਇਆਂ ਵੀ ਉਨਾਂ ਦਾ ਜਾਇਜ਼ ਬੱਚਾ ਸਮਝਿਆ ਜਾਵੇਗਾ ਜੇ ਉਹ ਵਿਆਹ ਡਿਗਰੀ ਦੀ ਤਰੀਕ ਨੂੰ ਬਾਤਲ ਕੀਤੇ ਜਾਣ ਦੀ ਬਜਾਏ ਤੋੜਿਆ ਗਿਆ ਹੁੰਦਾ।

(3) ਉਪ-ਧਾਰਾ (1) ਜਾਂ ਉਪ-ਧਾਰਾ (2) ਵਿੱਚ ਦਰਜ ਕਿਸੇ ਗੱਲ ਦਾ ਇਹ ਅਰਥ ਨਹੀਂ ਕੱਢਿਆ ਜਾਵੇਗਾ ਕਿ ਉਹ ਬਾਤਲ ਅਤੇ ਸੁੰਨ ਵਿਆਹ ਜਾਂ ਧਾਰਾ 12 ਅਧੀਨ ਬਾਤਲ ਹੋਣ ਦੀ ਡਿਗਰੀ ਦੁਆਰਾ ਬਾਤਲ ਕੀਤੇ ਗਏ ਵਿਆਹ ਦੇ ਕਿਸੇ ਬੱਚੇ ਨੂੰ ਕਿਸੇ ਅਜਿਹੀ ਸੂਰਤ ਵਿੱਚ ਉਸ ਦੇ ਮਾਪਿਆਂ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਦੀ ਸੰਪਤੀ ਵਿੱਚ ਜਾਂ ਪ੍ਰਤੀ ਕੋਈ ਅਧਿਕਾਰ ਪ੍ਰਦਾਨ ਕਰਦੀ ਹੈ ਜਿਸ ਵਿੱਚ, ਜੇ ਇਹ ਐਕਟ ਪਾਸ ਨ ਹੋਇਆ ਹੁੰਦਾ, ਅਜਿਹਾ ਬੱਚਾ ਆਪਣੇ ਮਾਪਿਆਂ ਦਾ ਜਾਇਜ਼ ਬੱਚਾ ਨ ਹੋਣ ਦੇ ਕਾਰਨ ਕੋਈ ਅਜਿਹਾ ਅਧਿਕਾਰ ਰੱਖਣ ਜਾਂ ਗ੍ਰਹਿਣ ਕਰਨ ਦੇ ਅਸਮਰੱਥ ਹੁੰਦਾ।

ਦੁ-ਵਿਆਹ ਲਈ ਸਜ਼ਾ।

17. ਇਸ ਐਕਟ ਦੇ ਅਰੰਭ ਤੋਂ ਪਿੱਛੋਂ ਦੋ ਹਿੰਦੂਆਂ ਵਿਚਕਾਰ ਸੰਸਕਾਰਿਆ ਕੋਈ ਵਿਆਹ ਸੁੰਨ ਹੈ ਜੇ ਅਜਿਹੇ ਵਿਆਹ ਦੀ ਤਰੀਕ ਨੂੰ ਕਿਸੇ ਧਿਰ ਦਾ ਪਤੀ ਜਾਂ ਪਤਨੀ ਜਿੰਦਾ ਸੀ; ਅਤੇ ਭਾਰਤੀ ਦੰਡ ਸੰਘਤਾ (1860 ਦਾ 45) ਦੀਆਂ ਧਾਰਾਵਾਂ 494 ਅਤੇ 495 ਦੇ ਉਪਬੰਧ ਉਸ ਦੇ ਅਨੁਸਾਰ ਲਾਗੂ ਹੋਣਗੇ।

ਹਿੰਦੂ ਵਿਆਹ ਲਈ ਕੁਝ ਕੁ ਹੋਰ ਸ਼ਰਤਾਂ ਦੇ ਉਲੰਘਣ ਲਈ ਸਜ਼ਾ।

18. ਹਰੇਕ ਵਿਅਕਤੀ ਜੋ ਇਸ ਐਕਟ ਅਧੀਨ, ਧਾਰਾ 5 ਦੇ ਖੰਡ (iii), (iv) ਅਤੇ (v) ਵਿੱਚ ਉਲਿਖਤ ਸ਼ਰਤਾਂ ਦੇ ਉਲੰਘਣ ਵਿੱਚ ਆਪਣਾ ਵਿਆਹ ਸੰਸਕਾਰ ਕਰਾਉਂਦਾ ਜਾਂ ਕਰਾਉਂਦੀ ਹੈ, ਸਜ਼ਾਯੋਗ ਹੋਵੇਗਾ-

(ੳ) ਧਾਰਾ 5 ਦੇ ਖੰਡ (iii) ਵਿੱਚ ਉਲਿਖਤ ਸ਼ਰਤ ਦੇ ਉਲੰਘਣ ਦੀ ਸੂਰਤ ਵਿੱਚ, ਸਖ਼ਤ ਕੈਦ ਨਾਲ, ਜੋ ਦੋ ਸਾਲ ਤੱਕ ਹੋ ਸਕੇਗੀ, ਜਾਂ ਜੁਰਮਾਨੇ ਨਾਲ, ਜੋ ਇੱਕ ਲੱਖ ਰੁਪਏ ਤੱਕ ਹੋ ਸਕੇਗਾ, ਜਾਂ ਦੋਹਾਂ ਨਾਲ;

(ਅ) ਧਾਰਾ 5 ਦੇ ਖੰਡ (iv) ਜਾਂ ਖੰਡ (v) ਵਿੱਚ ਉਲਿਖਤ ਸ਼ਰਤ ਦੇ ਉਲੰਘਣ ਦੀ ਸੂਰਤ ਵਿੱਚ, ਸਾਦਾ ਕੈਦ ਨਾਲ, ਜੋ ਇੱਕ ਮਹੀਨੇ ਤੱਕ ਹੋ ਸਕੇਗੀ, ਜਾਂ ਜੁਰਮਾਨੇ ਨਾਲ, ਜੋ ਇੱਕ ਹਜ਼ਾਰ ਰੁਪਏ ਤੱਕ ਹੋ ਸਕੇਗਾ, ਜਾਂ ਦੋਹਾਂ ਨਾਲ;

ਅਧਿਕਾਰਤਾ ਅਤੇ ਜ਼ਾਬਤਾ

ਅਦਾਲਤ ਜਿਸ ਨੂੰ ਅਰਜ਼ੀ ਪੇਸ਼ ਕੀਤੀ ਜਾਵੇਗੀ।

19. ਇਸ ਐਕਟ ਅਧੀਨ ਹਰਿਕ ਅਰਜ਼ੀ ਉਸ ਜ਼ਿਲ੍ਹਾ ਅਦਾਲਤ ਨੂੰ ਪੇਸ਼ ਕੀਤੀ ਜਾਵੇਗੀ ਜਿਸ ਦੀ ਸਾਧਾਰਨ ਮੂਲ ਦੀਵਾਨੀ ਅਧਿਕਾਰਤਾ ਦੀਆਂ ਸਥਾਨਕ ਸੀਮਾਵਾਂ ਅੰਦਰ-

(i) ਵਿਆਹ ਸੰਸਕਾਰਿਆ ਗਿਆ ਸੀ; ਜਾਂ

(ii) ਉੱਤਰਦਾਰ, ਅਰਜ਼ੀ ਪੇਸ਼ ਕਰਨ ਸਮੇਂ, ਨਿਵਾਸ ਕਰਦਾ ਹੈ; ਜਾਂ

(iii) ਵਿਆਹ ਦੀਆਂ ਧਿਰਾਂ ਨੇ ਅੰਤ ਵਿੱਚ ਇਕੱਠੇ ਨਿਵਾਸ ਕੀਤਾ ਸੀ; ਜਾਂ

(iiiੳ) ਜੇਕਰ ਪਤਨੀ ਅਰਜ਼ੀਦਾਰ ਹੈ ਉਹ ਅਰਜ਼ੀ ਦਾਖਲ ਕਰਨ ਦੀ ਤਾਰੀਖ ਤੋਂ ਰਹਿ ਰਹੀ ਹੈ; ਜਾਂ

(iv) ਅਰਜ਼ੀਦਾਰ ਅਰਜ਼ੀ ਪੇਸ਼ ਕਰਨ ਸਮੇਂ ਨਿਵਾਸ ਕਰ ਰਿਹਾ ਹੈ, ਕਿਸੇ ਉਸ ਸੂਰਤ ਵਿੱਚ ਜਿੱਥੇ ਉੱਤਰਦਾਰ, ਉਸ ਸਮੇਂ, ਉਨਾਂ ਰਾਜ ਖੇਤਰਾਂ ਤੋਂ ਬਾਹਰ ਨਿਵਾਸ ਕਰ ਰਿਹਾ ਹੈ ਜਿਨ੍ਹਾਂ ਤੇ ਇਸ ਐਕਟ ਦਾ ਵਿਸਤਾਰ ਹੈ, ਜਾਂ ਸੱਤ ਸਾਲ ਜਾਂ ਵੱਧ ਮੁੱਦਤ ਤੋਂ ਉਨ੍ਹਾਂ ਵਿਅਕਤੀਆਂ ਦੁਆਰਾ ਜ਼ਿੰਦਾ ਨਹੀਂ ਸੁਣਿਆ ਗਿਆ, ਜਿਨ੍ਹਾਂ ਨੇ ਉਸ ਬਾਰੇ ਕੁਦਰਤੀ ਤੌਰ ਤੇ ਸੁਣ ਲਿਆ ਹੁੰਦਾ ਜੇ ਉਹ ਜ਼ਿੰਦਾ ਹੁੰਦਾ।

ਅਰਜ਼ੀਆਂ ਦਾ ਮਜ਼ਮੂਨ ਅਤੇ ਤਸਦੀਕ।

20. (1) ਇਸ ਐਕਟ ਅਧੀਨ ਪੇਸ਼ ਕੀਤੀ ਹਰਿਕ ਅਰਜ਼ੀ ਵਿੱਚ ਉਹ ਤੱਥ ਜਿਨ੍ਹਾਂ ਤੇ ਦਾਦਰਸੀ ਪ੍ਰਤੀ ਦਾਅਵਾ ਆਧਾਰਤ ਹੈ ਇੰਨੇ ਸਪੱਸ਼ਟ ਤੌਰ ਤੇ ਬਿਆਨ ਕੀਤੇ ਜਾਣਗੇ ਜਿੰਨੇ ਮਾਮਲੇ ਦੀ ਪ੍ਰਕਿਰਤੀ ਇਜਾਜ਼ਤ ਦਿੰਦੀ ਹੈ ਅਤੇ, ਧਾਰਾ 11 ਅਧੀਨ ਅਰਜ਼ੀ ਤੋਂ ਸਿਵਾਏ ਇਹ ਵੀ ਬਿਆਨ ਕੀਤਾ ਜਾਵੇਗਾ ਕਿ ਅਰਜ਼ੀਦਾਰ ਅਤੇ ਵਿਆਹ ਦੀ ਦੂਜੀ ਧਿਰ ਵਿਚਕਾਰ ਕੋਈ ਗੱਠਜੋੜ ਨਹੀਂ ਹੈ।

(2) ਇਸ ਐਕਟ ਅਧੀਨ ਹਰਿਕ ਅਰਜ਼ੀ ਵਿੱਚ ਦਰਜ ਬਿਆਨ ਅਰਜ਼ੀਦਾਰ ਜਾਂ ਕਿਸੇ ਹੋਰ ਸ਼ਕਤਵਾਨ ਵਿਅਕਤੀ ਦੁਆਰਾ ਦਾਵਿਆਂ ਦੀ ਤਸਦੀਕ ਲਈ ਕਾਨੂੰਨ ਦੁਆਰਾ ਲੋੜੀਂਦੇ ਤਰੀਕੇ ਨਾਲ ਤਸਦੀਕ ਕੀਤੇ ਜਾਣਗੇ ਅਤੇ, ਸੁਣਵਾਈ ਵੇਲੇ, ਸ਼ਹਾਦਤ ਦੇ ਤੌਰ ਤੇ ਹਵਾਲਾ ਦਿੱਤੇ ਜਾ ਸਕਣਗੇ।

1908 ਦੇ ਐਕਟ 5 ਦਾ ਲਾਗੂ ਹੋਣਾ।

21. ਇਸ ਐਕਟ ਵਿੱਚ ਦਰਜ ਹੋਰ ਉਪਬੰਧਾਂ ਦੇ ਅਤੇ ਅਜਿਹੇ ਨਿਯਮਾਂ ਦੇ ਤਾਬੇ ਜੋ ਉੱਚ ਅਦਾਲਤ ਇਸ ਨਮਿੱਤ ਬਣਾਵੇ, ਇਸ ਐਕਟ ਅਧੀਨ ਸਾਰੀਆਂ ਕਾਰਵਾਈਆਂ, ਜਿੱਥੋਂ ਤੱਕ ਹੋ ਸਕੇ, ਦੀਵਾਨੀ ਜ਼ਾਬਤਾ ਸੰਘਤਾ, 1908, ਦੁਆਰਾ ਵਿਨਿਯਮਤ ਕੀਤੀਆਂ ਜਾਣਗੀਆਂ।

ਕੁਝ ਕੁ ਸੂਰਤਾਂ ਵਿੱਚ ਅਰਜ਼ੀਆਂ ਦੀ ਬਦਲੀ ਕਰਨ ਦੀ ਸ਼ਕਤੀ।

21ੳ. (1) ਜਿੱਥੇ-

(ੳ) ਇਸ ਐਕਟ ਅਧੀਨ ਕੋਈ ਅਰਜ਼ੀ ਅਧਿਕਾਰਤਾ ਰੱਖਣ ਵਾਲੀ ਜ਼ਿਲ੍ਹਾ ਅਦਾਲਤ ਵਿੱਚ ਵਿਆਹ ਦੀ ਕਿਸੇ ਧਿਰ ਦੁਆਰਾ ਧਾਰਾ 10 ਅਧੀਨ ਨਿਆਂਇਕ ਅਲਹਿਦਗੀ ਲਈ ਡਿਗਰੀ ਲਈ ਜਾਂ ਧਾਰਾ 13 ਅਧੀਨ ਤਲਾਕ ਦੀ ਡਿਗਰੀ ਲਈ ਪ੍ਰਾਰਥਨਾ ਕਰਦੇ ਹੋਏ ਪੇਸ਼ ਕੀਤੀ ਗਈ ਹੈ, ਅਤੇ

(ਅ) ਉਸ ਤੋਂ ਬਾਅਦ ਇਸ ਐਕਟ ਅਧੀਨ ਕੋਈ ਹੋਰ ਅਰਜ਼ੀ ਭਾਵੇਂ ਉਸੇ ਜ਼ਿਲ੍ਹਾ ਅਦਾਲਤ ਵਿੱਚ ਜਾਂ ਕਿਸੇ ਹੋਰ ਜ਼ਿਲ੍ਹਾ ਅਦਾਲਤ ਵਿੱਚ, ਉਸੇ ਰਾਜ ਵਿੱਚ ਜਾਂ ਕਿਸੇ ਵੱਖਰੇ ਰਾਜ ਵਿੱਚ, ਉਸ ਵਿਆਹ ਦੀ ਦੂਜੀ ਧਿਰ ਦੁਆਰਾ ਕਿਸੇ ਆਧਾਰ 'ਤੇ ਧਾਰਾ 10 ਅਧੀਨ ਨਿਆਂਇਕ ਅਲਹਿਦਗੀ ਲਈ ਡਿਗਰੀ ਲਈ ਜਾਂ ਧਾਰਾ 13 ਅਧੀਨ ਤਲਾਕ ਦੀ ਡਿਗਰੀ ਲਈ ਪ੍ਰਾਰਥਨਾ ਕਰਦੇ ਹੋਏ ਪੇਸ਼ ਕੀਤੀ ਗਈ ਹੈ,

ਤਾਂ ਅਰਜ਼ੀਆਂ ਉਸ ਤਰ੍ਹਾਂ ਨਿਪਟਾਈਆਂ ਜਾਣਗੀਆਂ ਜਿਵੇਂ ਉਪ-ਧਾਰਾ (2) ਵਿੱਚ ਉਲਿਖਤ ਹੈ।

(2) ਉਸ ਸੂਰਤ ਵਿੱਚ ਜਿੱਥੇ ਉਪ-ਧਾਰਾ (1) ਲਾਗੂ ਹੁੰਦੀ ਹੈ ਉੱਥੇ,-

(ੳ) ਜੇ ਅਰਜ਼ੀਆਂ ਉਸੇ ਜ਼ਿਲ੍ਹਾ ਅਦਾਲਤ ਨੂੰ ਪੇਸ਼, ਕੀਤੀਆਂ ਜਾਣ ਤਾਂ ਦੋਹਾਂ ਅਰਜ਼ੀਆਂ ਦਾ ਵਿਚਾਰਣ ਅਤੇ ਸੁਣਵਾਈ ਉਸ ਅਦਾਲਤ ਦੁਆਰਾ ਇਕੱਠਿਆਂ ਕੀਤੀ ਜਾਵੇਗੀ;

(ਅ) ਜੇ ਅਰਜ਼ੀਆਂ ਵੱਖ ਵੱਖ ਜ਼ਿਲ੍ਹਾ ਅਦਾਲਤਾਂ ਨੂੰ ਪੇਸ਼ ਕੀਤੀਆਂ ਜਾਣ ਤਾਂ ਪਿੱਛੋਂ ਪੇਸ਼ ਕੀਤੀ ਅਰਜ਼ੀ ਉਸ ਜ਼ਿਲ੍ਹਾ ਅਦਾਲਤ ਨੂੰ ਬਦਲ ਦਿੱਤੀ ਜਾਵੇਗੀ ਜਿਸ ਵਿੱਚ ਪਹਿਲੀ ਅਰਜ਼ੀ ਪੇਸ਼ ਕੀਤੀ ਗਈ ਸੀ ਅਤੇ ਉਸ ਜ਼ਿਲ੍ਹਾ ਅਦਾਲਤ ਦੁਆਰਾ, ਜਿਸ ਵਿੱਚ ਪਹਿਲੀ ਅਰਜ਼ੀ ਪੇਸ਼ ਕੀਤੀ ਗਈ ਸੀ, ਦੋਹਾਂ ਅਰਜ਼ੀਆਂ ਦੀ ਸੁਣਵਾਈ ਅਤੇ ਨਿਪਟਾਰਾ ਇਕੱਠਿਆਂ ਕੀਤਾ ਜਾਵੇਗਾ।

(3) ਜਿਸ ਸੂਰਤ ਵਿੱਚ ਉਪ-ਧਾਰਾ (2) ਦਾ ਖੰਡ (ਅ) ਲਾਗੂ ਹੁੰਦਾ ਹੈ ਉੱਥੇ ਅਦਾਲਤ ਜਾਂ ਸਰਕਾਰ, ਜਿਹੀ ਕਿ ਸੂਰਤ ਹੋਵੇ, ਜੋ ਕੋਈ ਦਾਵਾ ਜਾ ਕਾਰਵਾਈ ਉਸ ਜ਼ਿਲ੍ਹਾ ਅਦਾਲਤ ਤੋਂ, ਜਿਸ ਵਿੱਚ ਪਿਛਲੇਰੀ ਅਰਜ਼ੀ ਪੇਸ਼ ਕੀਤੀ ਗਈ ਹੈ, ਉਸ ਜ਼ਿਲ੍ਹਾ ਅਦਾਲਤ ਨੂੰ, ਜਿਸ ਵਿੱਚ ਪਹਿਲੀ ਅਰਜ਼ੀ ਚੱਲ ਰਹੀ ਹੈ, ਬਦਲਣ ਲਈ ਦੀਵਾਨੀ ਜ਼ਾਬਤਾ ਸੰਘਤਾ, 1908, ਅਧੀਨ ਸ਼ਕਤਵਾਨ ਹੈ, ਅਜਿਹੀ ਪਿਛਲੇਰੀ ਅਰਜ਼ੀ ਦੀ ਬਦਲੀ ਕਰਨ ਲਈ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ ਮਾਨੋ ਉਹ ਅਜਿਹਾ ਕਰਨ ਲਈ ਉਕਤ ਸੰਘਤਾ ਅਧੀਨ ਸ਼ਕਤੀ ਪ੍ਰਾਪਤ ਹੋਵੇ।

ਇਸ ਐਕਟ ਅਧੀਨ ਅਰਜ਼ੀਆਂ ਦੇ ਵਿਚਾਰਣ ਅਤੇ ਨਿਪਟਾਰੇ ਸਬੰਧੀ ਵਿਸ਼ੇਸ਼ ਉਪਬੰਧ।

21ਅ. (1) ਇਸ ਐਕਟ ਅਧੀਨ ਕਿਸੇ ਅਰਜ਼ੀ ਦਾ ਵਿਵਰਣ, ਜਿੱਥੋਂ ਤੱਕ ਵਿਚਾਰਣ ਬਾਰੇ ਨਿਆਂ ਦੇ ਹਿੱਤਾਂ ਦੇ ਸੰਗਤ ਅਮਲਯੋਗ ਹੋਵੇ, ਉਸ ਦੀ ਸਮਾਪਤੀ ਤੱਕ ਦਿਨ ਪ੍ਰਤੀ ਦਿਨ ਚਾਲੂ ਰੱਖਿਆ ਜਾਵੇਗਾ ਜੇਕਰ ਅਦਾਲਤ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ ਵਿਚਾਰਣ ਦਾ ਸਥਗਨ ਅਗਲੇ ਦਿਨ ਤੋਂ ਬਾਅਦ ਜ਼ਰੂਰੀ ਨ ਸਮਝੇ।

(2) ਇਸ ਐਕਟ ਅਧੀਨ ਹਰਿਕ ਅਰਜ਼ੀ ਦਾ, ਜਿੰਨੀ ਤੇਜ਼ੀ ਨਾਲ ਸੰਭਵ ਹੋ ਸਕੇ, ਵਿਚਾਰਣ ਕੀਤਾ ਜਾਵੇਗਾ ਅਤੇ ਅਰਜ਼ੀ ਦੇ ਨੋਟਿਸ ਦੀ ਉੱਤਰਦਾਰ ਤੇ ਤਾਮੀਲ ਦੀ ਤਰੀਕ ਤੋਂ ਛੇ ਮਹੀਨੇ ਅੰਦਰ ਵਿਚਾਰਣ ਸਮਾਪਤ ਕਰਨ ਦਾ ਯਤਨ ਕੀਤਾ ਜਾਵੇਗਾ।

(3) ਇਸ ਐਕਟ ਅਧੀਨ ਹਰਿਕ ਅਪੀਲ ਦੀ ਸੁਣਵਾਈ, ਜਿੰਨੀ ਤੇਜ਼ੀ ਨਾਲ ਸੰਭਵ ਹੋ ਸਕੇ, ਕੀਤੀ ਜਾਵੇਗੀ, ਅਤੇ ਅਪੀਲ ਦੇ ਨੋਟਿਸ ਦੀ ਉੱਤਰਦਾਰ ਤੇ ਤਾਮੀਲ ਦੀ ਤਰੀਕ ਤੋਂ ਤਿੰਨ ਮਹੀਨੇ ਅੰਦਰ ਸੁਣਵਾਈ ਸਮਾਪਤ ਕਰਨ ਦਾ ਯਤਨ ਕੀਤਾ ਜਾਵੇਗਾ।

ਦਸਤਾਵੇਜ਼ੀ ਸ਼ਹਾਦਤ।

21ਏ. ਕਿਸੇ ਇਨੈਕਟਮੈਂਟ ਵਿੱਚ ਇਸ ਦੇ ਉਲਟ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਦਸਤਾਵੇਜ਼ ਇਸ ਐਕਟ ਅਧੀਨ ਕਿਸੇ ਅਰਜ਼ੀ ਦੇ ਵਿਚਾਰਣ ਤੇ ਕਿਸੇ ਕਾਰਵਾਈ ਵਿੱਚ ਸ਼ਹਾਦਤ ਵਿੱਚ ਇਸ ਆਧਾਰ ਤੇ ਅਗ੍ਰਹਿਣਯੋਗ ਨਹੀਂ ਹੋਵੇਗਾ ਕਿ ਉਹ ਠੀਕ ਤੌਰ ਤੇ ਅਸ਼ਟਾਮ ਲੱਗਿਆ ਜਾਂ ਰਜਿਸਟਰੀ ਕੀਤਾ ਹੋਇਆ ਨਹੀਂ ਹੈ।

ਕਾਰਵਾਈ ਬੰਦ ਕਮਰੇ ਵਿੱਚ ਹੋਵੇਗੀ ਅਤੇ ਛਾਪੀ ਜਾਂ ਪ੍ਰਕਾਸ਼ਤ ਨਹੀਂ ਕੀਤੀ ਜਾ ਸਕੇਗੀ।

22. (1) ਇਸ ਐਕਟ ਅਧੀਨ ਹਰਿਕ ਕਾਰਵਾਈ ਬੰਦ ਕਮਰੇ ਵਿੱਚ ਕੀਤੀ ਜਾਵੇਗੀ ਅਤੇ ਕਿਸੇ ਵਿਅਕਤੀ ਲਈ ਇਹ ਕਾਨੂੰਨ-ਪੂਰਨ ਨਹੀਂ ਹੋਵੇਗਾ ਕਿ ਉਹ ਉੱਚ ਅਦਾਲਤ ਦੇ ਜਾਂ ਸਰਵ-ਉੱਚ ਅਦਾਲਤ ਦੇ ਉਸ ਅਦਾਲਤ ਦੀ ਪੂਰਵ ਇਜਾਜ਼ਤ ਨਾਲ ਛਾਪੇ ਗਏ ਜਾਂ ਪ੍ਰਕਾਸ਼ਤ ਕੀਤੇ ਗਏ ਨਿਰਣੇ ਤੋਂ ਸਿਵਾਏ ਕਿਸੇ ਅਜਿਹੀ ਕਾਰਵਾਈ ਸਬੰਧੀ ਕੋਈ ਗੱਲ ਛਾਪੇ ਜਾਂ ਪ੍ਰਕਾਸ਼ਤ ਕਰੇ।

(2) ਜੇ ਕੋਈ ਵਿਅਕਤੀ ਉਪ-ਧਾਰਾ (1) ਵਿੱਚ ਦਰਜ ਉਪਬੰਧਾਂ ਦੇ ਉਲੰਘਣ ਵਿੱਚ ਕੋਈ ਗੱਲ ਛਾਪੇਗਾ ਜਾਂ ਪ੍ਰਕਾਸ਼ਤ ਕਰੇਗਾ, ਤਾਂ ਉਹ ਜੁਰਮਾਨੇ ਨਾਲ ਸਜ਼ਾਯੋਗ ਹੋਵੇਗਾ, ਜੇ ਇੱਕ ਹਜਾਰ ਰੁਪਏ ਤੱਕ ਹੋ ਸਕੇਗਾ।

ਕਾਰਵਾਈਆਂ ਵਿੱਚ ਡਿਗਰੀ।

23. (1) ਇਸ ਐਕਟ ਅਧੀਨ ਕਿਸੇ ਕਾਰਵਾਈ ਵਿੱਚ, ਭਾਵੇਂ ਸਫ਼ਾਈ ਪੇਸ਼ ਕੀਤੀ ਗਈ ਹੈ ਜਾਂ ਨਹੀਂ, ਜੇ ਅਦਾਲਤ ਦੀ ਤਸੱਲੀ ਹੋ ਜਾਂਦੀ ਹੈ ਕਿ-

(ੳ) ਦਾਦਰਸੀ ਦੇਣ ਲਈ ਆਧਾਰਾਂ ਵਿੱਚੋਂ ਕੋਈ ਆਧਾਰ ਮੌਜੂਦ ਹੈ ਅਤੇ ਅਰਜ਼ੀਦਾਰ ਉਨ੍ਹਾਂ ਸੂਰਤਾਂ ਦੇ ਸਿਵਾਏ ਜਿੱਥੇ ਉਸ ਦੁਆਰਾ ਦਾਦਰਸੀ ਧਾਰਾ 5 ਦੇ ਖੰਡ (ii) ਦੇ ਉਪ-ਖੰਡ (ੳ), ਉਪ-ਖੰਡ (ਅ) ਜਾਂ ਉਪ-ਵੰਡ (ਏ) ਵਿੱਚ ਉਲਿਖਤ ਆਧਾਰ ਤੇ ਚਾਹੀ ਗਈ ਹੈ, ਅਜਿਹੀ ਦਾਦਰਸੀ ਦੇ ਪ੍ਰਯੋਜਨ ਲਈ ਆਪਣੇ ਦੋਸ਼ ਜਾਂ ਨਿਰਯੋਗਤਾ ਦਾ ਕਿਸੇ ਤਰ੍ਹਾਂ ਲਾਭ ਨਹੀਂ ਉਠਾ ਰਿਹਾ ਜਾਂ ਰਹੀ ਹੈ; ਅਤੇ

(ਅ) ਜਿੱਥੇ ਅਰਜ਼ੀ ਦਾ ਆਧਾਰ ਧਾਰਾ 13 ਦੀ ਉਪ-ਧਾਰਾ (1) ਦੇ ਖੰਡ (i) ਵਿੱਚ ਉਲਿਖਤ ਆਧਾਰ ਹੈ, ਉੱਥੇ ਅਰਜ਼ੀਦਾਰ ਸ਼ਿਕਾਇਤ ਕੀਤੇ ਕਾਰਜ ਜਾਂ ਕਾਰਜਾਂ ਵਿੱਚ ਕਿਸੇ ਤਰੀਕੇ ਨਾਲ ਸਹਾਇਕ ਨਹੀਂ ਰਿਹਾ ਹੈ ਜਾਂ ਉਸ ਨੇ ਉਸ ਕਾਰਜ ਜਾਂ ਉਨ੍ਹਾਂ ਕਾਰਜਾਂ ਨੂੰ ਅਣਡਿੱਠ ਜਾਂ ਖਿਮਾ ਨਹੀਂ ਕੀਤਾ ਹੈ ਜਾਂ ਜਿੱਥੇ ਅਰਜ਼ੀ ਦਾ ਆਧਾਰ ਨਿਰਦਾਇਤਾ ਹੈ ਉੱਥੇ ਅਰਜ਼ੀਦਾਰ ਨੇ ਕਿਸੇ ਤਰੀਕੇ ਨਾਲ ਨਿਰਦਾਇਤਾ ਖਿਮਾ ਨਹੀਂ ਕੀਤਾ ਹੈ; ਅਤੇ

(ਅਅ) ਜਦ ਤਲਾਕ ਪਰਸਪਰ ਸੰਮਤੀ ਦੇ ਆਧਾਰ ਤੇ ਚਾਹਿਆ ਗਿਆ ਹੈ, ਤਦ ਅਜਿਹੀ ਸੰਮਤੀ ਬਲ, ਕਪਟ ਜਾਂ ਨਾਜਾਇਜ਼ ਅਸਰ ਦੁਆਰਾ ਪ੍ਰਾਪਤ ਨਹੀਂ ਕੀਤੀ ਗਈ ਹੈ; ਅਤੇ

(ਏ) ਅਰਜ਼ੀ (ਜੋ ਧਾਰਾ 11 ਅਧੀਨ ਪੇਸ਼ ਕੀਤੀ ਗਈ ਅਰਜ਼ੀ ਨ ਹੋਵੇ) ਉੱਤਰਦਾਰ ਨਾਲ ਗੱਠਜੋੜ ਕਰਕੇ ਪੇਸ਼ ਨਹੀਂ ਕੀਤੀ ਜਾਂਦੀ ਜਾਂ ਉਸ ਦੀ ਪੈਰਵੀ ਨਹੀਂ ਕੀਤੀ ਜਾਂਦੀ ਹੈ; ਅਤੇ

(ਸ) ਕਾਰਵਾਈ ਦਾਇਰ ਕਰਨ ਵਿੱਚ ਕੋਈ ਗੈਰ-ਜ਼ਰੂਰੀ ਜਾਂ ਅਣਉਚਿਤ ਦੇਰ ਨਹੀਂ ਹੋਈ ਹੈ; ਅਤੇ

(ਹ) ਕੋਈ ਹੋਰ ਕਾਨੂੰਨੀ ਆਧਾਰ ਨਹੀਂ ਹੈ ਕਿ ਦਾਦਰਸੀ ਕਿਉਂ ਨ ਦਿੱਤੀ ਜਾਵੇ, ਤਦ, ਅਤੇ ਅਜਿਹੀ ਹੀ ਸੂਰਤ ਵਿੱਚ, ਨ ਕਿ ਹੋਰਵੇਂ, ਅਦਾਲਤ ਉਸ ਦੇ ਅਨੁਸਾਰ ਅਜਿਹੀ ਦਾਦਰਸੀ ਡਿਗਰੀ ਕਰ ਦੇਵੇਗੀ।

(2) ਇਸ ਐਕਟ ਅਧੀਨ ਕੋਈ ਦਾਦਰਸੀ ਦੇਣ ਲਈ ਕਾਰਵਾਈ ਕਰਨ ਤੋਂ ਪਹਿਲਾਂ, ਅਦਾਲਤ ਦਾ, ਹਰੇਕ ਮਾਮਲੇ ਵਿੱਚ ਜਿੱਥੇ ਮਾਮਲੇ ਦੀ ਪ੍ਰਕਿਰਤੀ ਅਤੇ ਹਾਲਾਤ ਨਾਲ ਸੰਗਤ ਰੂਪ ਵਿੱਚ ਅਜਿਹਾ ਕਰਨਾ ਸੰਭਵ ਹੋਵੇ, ਪਹਿਲ ਵਿੱਚ

ਇਹ ਕਰਤੱਵ ਹੋਵੇਗਾ ਕਿ ਧਿਰਾਂ ਵਿਚਕਾਰ ਮੰਨ-ਮਨਾਈ ਕਰਾਉਣ ਦਾ ਹਰਿਕ ਯਤਨ ਕਰੇ:

ਪਰੰਤੂ ਇਸ ਉਪ-ਧਾਰਾ ਵਿੱਚ ਦਰਜ ਕੋਈ ਗੱਲ ਕਿਸੇ ਅਜਿਹੀ ਕਾਰਵਾਈ ਨੂੰ ਲਾਗੂ ਨਹੀਂ ਹੋਵੇਗੀ ਜਿਸ ਵਿੱਚ ਦਾਦਰਸੀ, ਧਾਰਾ 13 ਦੀ ਉਪ-ਧਾਰਾ (1) ਦੇ ਖੰਡ (ii), ਖੰਡ (iii), ਖੰਡ (iv), ਖੰਡ (v), ਖੰਡ (vi) ਜਾਂ ਖੰਡ (vii) ਵਿੱਚ ਉਲਿਖਤ ਆਧਾਰਾਂ ਵਿੱਚੋਂ ਕਿਸੇ ਆਧਾਰ ਤੇ ਚਾਹੀ ਗਈ ਹੈ।

(3) ਅਜਿਹੀ ਮੰਨ-ਮਨਾਹੀ ਕਰਾਉਣ ਵਿੱਚ ਅਦਾਲਤ ਦੀ ਸਹਾਇਤਾ ਕਰਨ ਦੇ ਪ੍ਰਯੋਜਨ ਲਈ, ਅਦਾਲਤ, ਜੇ ਧਿਰਾਂ ਇਸ ਤਰ੍ਹਾਂ ਚਾਹੁਣ ਜਾਂ ਜੇ ਅਦਾਲਤ ਇਸ ਤਰ੍ਹਾਂ ਕਰਨਾ ਨਿਆਂ-ਸੰਗਤ ਅਤੇ ਉਚਿਤ ਸਮਝੇ, ਪੰਦਰਾਂ ਦਿਨ ਤੋਂ ਨ ਵਧਦੀ ਵਾਜਬ ਮੁੱਦਤ ਲਈ ਕਾਰਵਾਈ ਸਥੱਗਤ ਕਰ ਸਕੇਗੀ ਅਤੇ ਮਾਮਲੇ ਨੂੰ ਧਿਰਾਂ ਦੁਆਰਾ ਇਸ ਨਿਮੱਤ ਨਾਮਤ ਕਿਸੇ ਵਿਅਕਤੀ ਦੇ ਜਾਂ ਜੇ ਧਿਰਾਂ ਕਿਸੇ ਵਿਅਕਤੀ ਨੂੰ ਨਾਮਤ ਨ ਕਰਨ ਤਾਂ ਅਦਾਲਤ ਦੁਆਰਾ ਨਾਮਜ਼ਦ ਕੀਤੇ ਕਿਸੇ ਵਿਅਕਤੀ ਨੂੰ ਇਨ੍ਹਾਂ ਨਿਦੇਸ਼ਾਂ ਸਹਿਤ ਸੌਂਪ ਸਕੇਗੀ ਕਿ ਉਹ ਅਦਾਲਤ ਨੂੰ ਰਿਪੋਟ ਕਰੇ ਕਿ ਕੀ ਮੰਨ-ਮਨਾਈ ਕਰਾਈ ਜਾ ਸਕਦੀ ਹੈ ਅਤੇ ਕਰਾਈ ਗਈ ਹੈ ਅਤੇ ਅਦਾਲਤ ਕਾਰਵਾਈ ਦਾ ਨਿਪਟਾਰਾ ਕਰਨ ਵਿੱਚ ਉਸ ਰਿਪੋਟ ਵੱਲ ਯੋਗ ਧਿਆਨ ਦੇਵੇਗੀ।

(4) ਅਜਿਹੀ ਹਰਿਕ ਸੂਰਤ ਵਿੱਚ ਜਿੱਥੇ ਕੋਈ ਵਿਆਹ ਤਲਾਕ ਦੀ ਡਿਗਰੀ ਦੁਆਰਾ ਤੋੜਿਆ ਜਾਂਦਾ ਹੈ ਉੱਥੇ ਡਿਗਰੀ ਪਾਸ ਕਰਨ ਵਾਲੀ ਅਦਾਲਤ ਹਰਿਕ ਧਿਰ ਨੂੰ ਉਸ ਦੀ ਨਕਲ ਮੁਫ਼ਤ ਦੇਵੇਗੀ।

ਤਲਾਕ ਅਤੇ ਹੋਰ ਕਾਰਵਾਈਆਂ ਵਿੱਚ ਉੱਤਰਦਾਰ ਲਈ ਦਾਦਰਸੀ।

23ਓ. ਤਲਾਕ ਜਾਂ ਨਿਆਂਇਕ ਅਲਹਿਦਗੀ ਜਾਂ ਵਿਆਹਤ ਅਧਿਕਾਰਾਂ ਦੇ ਮੁੜ-ਸਥਾਪਨ ਲਈ ਕਿਸੇ ਕਾਰਵਾਈ ਵਿੱਚ, ਉੱਤਰਦਾਰ ਚਾਹੀ ਗਈ ਦਾਦਰਸੀ ਦਾ ਨ ਕੇਵਲ ਅਰਜ਼ੀਦਾਰ ਦੇ ਪਰਗਮਨ, ਨਿਰਦਇਤਾ ਜਾਂ ਛੱਡਣ ਦੇ ਆਧਾਰ ਤੇ ਵਿਰੋਧ ਹੀ ਕਰ ਸਕੇਗਾ ਸਗੋਂ ਇਸ ਐਕਟ ਅਧੀਨ ਉਸ ਆਧਾਰ ਤੇ ਕਿਸੇ ਦਾਦਰਸੀ ਲਈ ਪ੍ਰਤੀ-ਦਾਅਵਾ ਵੀ ਕਰ ਸਕੇਗਾ; ਅਤੇ ਜੇ ਅਰਜ਼ੀਦਾਰ ਦਾ ਪਰਗਮਨ, ਨਿਰਦਇਤਾ ਜਾਂ ਛੱਡਣ ਸਾਬਤ ਹੋ ਜਾਵੇ ਤਾਂ ਅਦਾਲਤ ਉੱਤਰਦਾਰ ਨੂੰ ਇਸ ਐਕਟ ਅਧੀਨ ਕੋਈ ਅਜਿਹੀ ਦਾਦਰਸੀ ਦੇ ਸਕੇਗੀ ਜਿਸ ਲਈ ਉਹ ਤਾਂ ਹੱਕਦਾਰ ਹੁੰਦਾ ਜਾਂ ਹੁੰਦੀ ਜੇ ਉਸ ਨੇ ਉਸ ਆਧਾਰ ਤੇ ਅਜਿਹੀ ਦਾਦਰਸੀ ਚਾਹੁਣ ਵਾਲੀ ਅਰਜ਼ੀ ਪੇਸ਼ ਕੀਤੀ ਹੁੰਦੀ।

ਦਾਵੇ ਦੇ ਦੌਰਾਨ ਗੁਜ਼ਾਰਾ ਅਤੇ ਕਾਰਵਾਈਆਂ ਦੇ ਖਰਚੇ।

24. ਜਿੱਥੇ ਇਸ ਐਕਟ ਅਧੀਨ ਕਿਸੇ ਕਾਰਵਾਈ ਵਿੱਚ ਅਦਾਲਤ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਜਾਂ ਤਾਂ ਪਤਨੀ ਦੀ ਜਾਂ ਪਤੀ ਦੀ, ਜਿਹੀ ਕਿ ਸੂਰਤ ਹੋਵੇ, ਉਸ ਦੀ ਪਾਲਣਾ ਅਤੇ ਕਾਰਵਾਈ ਦੇ ਜ਼ਰੂਰੀ ਖਰਚਿਆਂ ਲਈ ਕਾਫ਼ੀ ਸੁਤੰਤਰ ਆਮਦਨ ਨਹੀਂ ਹੈ, ਤਾਂ ਉਹ, ਪਤਨੀ ਜਾਂ ਪਤੀ ਦੇ ਦਰਖ਼ਾਸਤ ਦੇਣ ਤੇ, ਉੱਤਰਦਾਰ ਨੂੰ ਹੁਕਮ ਕਰ ਸਕੇਗੀ ਕਿ ਉਹ ਅਰਜ਼ੀਦਾਰ ਨੂੰ ਕਾਰਵਾਈ ਦੇ ਖਰਚ, ਅਤੇ ਕਾਰਵਾਈ ਦੇ ਦੌਰਾਨ ਹਰੇਕ ਮਹੀਨੇ ਅਜਿਹੀ ਰਕਮ, ਜੋ ਅਰਜ਼ੀਦਾਰ ਦੀ ਆਪਣੀ ਆਮਦਨ ਅਤੇ ਉੱਤਰਦਾਰ ਦੀ ਆਮਦਨ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅਦਾਲਤ ਨੂੰ ਵਾਜਬ ਜਾਵੇ, ਅਦਾ ਕਰੇ:

ਪਰੰਤੂ ਕਾਰਵਾਈ ਦੇ ਖ਼ਰਚ ਅਤੇ ਕਾਰਵਾਈ ਦੌਰਾਨ ਅਜਿਹੀ ਹਰੇਕ ਮਹੀਨੇ ਦੀ ਰਕਮ ਦੀ ਅਦਾਇਗੀ ਲਈ ਦਰਖ਼ਾਸਤ ਦਾ, ਜਿੱਥੋਂ ਤੱਕ ਸੰਭਵ ਹੋਵੇ, ਪਤਨੀ

ਜਾਂ ਪਤੀ ਨੂੰ ਜਿਹੀ ਕਿ ਸੂਰਤ ਹੋਵੇ, ਨੋਟਿਸ ਦੀ ਤਾਮੀਲ ਦੀ ਤਰੀਕ ਤੋਂ ਸੱਠ ਦਿਨ ਦੇ ਅੰਦਰ ਨਿਪਟਾਰਾ ਕੀਤਾ ਜਾਵੇਗਾ।

ਸਥਾਈ ਨਿਰਬਾਹ ਖਰਚ ਅਤੇ ਗੁਜ਼ਾਰਾ।

25. (1) ਇਸ ਐਕਟ ਅਧੀਨ ਅਧਿਕਾਰਤਾ ਦੀ ਵਰਤੋਂ ਕਰਦੀ ਕੋਈ ਅਦਾਲਤ, ਕੋਈ ਡਿਗਰੀ ਪਾਸ ਕਰਨ ਸਮੇਂ ਜਾਂ ਉਸ ਤੋਂ ਪਿੱਛੋਂ ਕਿਸੇ ਸਮੇਂ, ਜਾਂ ਤਾਂ ਪਤਨੀ ਜਾਂ ਪਤੀ, ਜਿਹੀ ਕਿ ਸੂਰਤ ਹੋਵੇ, ਦੁਆਰਾ ਇਸ ਪ੍ਰਯੋਜਨ ਲਈ ਦਰਖ਼ਾਸਤ ਦੇਣ ਤੇ, ਇਹ ਹੁਕਮ ਕਰ ਸਕੇਗੀ ਕਿ ਉੱਤਰਦਾਰ ਦਰਖ਼ਾਸਤਕਾਰ ਨੂੰ ਉਸ ਦੇ ਗੁਜ਼ਾਰੇ ਅਤੇ ਪਾਲਣਾ ਲਈ ਅਜਿਹੀ ਅਉਧ ਲਈ ਜੋ ਦਰਖ਼ਾਸਤਕਾਰ ਦੇ ਜੀਵਨ ਤੋਂ ਵੱਧ ਨ ਹੋਵੇ ਅਜਿਹੀ ਕੁੱਲ ਰਕਮ ਜਾਂ ਅਜਿਹੀ ਮਾਸਕ ਜਾਂ ਮਿਆਦੀ ਰਕਮ ਜੋ, ਉੱਤਰਦਾਰ ਦੀ ਆਪਣੀ ਆਮਦਨ ਅਤੇ ਹੋਰ ਸੰਪੱਤੀ, ਜੇ ਕੋਈ ਹੋਵੇ, ਦਰਖ਼ਾਸਤਕਾਰ ਦੀ ਆਮਦਨ ਅਤੇ ਹੋਰ ਸੰਪੱਤੀ, ਧਿਰਾਂ ਦੇ ਆਚਰਣ ਅਤੇ ਮਾਮਲੇ ਦੇ ਹੋਰ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਅਦਾਲਤ ਨੂੰ ਨਿਆਂ-ਸੰਗਤ ਜਾਪੇ, ਅਦਾ ਕਰੇਗਾ ਜਾਂ ਕਰੇਗੀ ਅਤੇ ਅਜਿਹੀ ਕੋਈ ਅਦਾਇਗੀ, ਜੇ ਜ਼ਰੂਰੀ ਹੋਵੇ, ਉੱਤਰਦਾਰ ਦੇ ਅਚੁੱਕਵੀਂ ਸੰਪੱਤੀ ਤੇ ਭਾਰ ਦੁਆਰਾ ਸੁਰੱਖਿਅਤ ਕੀਤੀ ਜਾ ਸਕੇਗੀ।

(2) ਜੇ ਅਦਾਲਤ ਦੀ ਤਸੱਲੀ ਹੋ ਜਾਵੇ ਕਿ ਉਪ-ਧਾਰਾ (1) ਅਧੀਨ ਉਸ ਦੇ ਹੁਕਮ ਕਰਨ ਪਿੱਛੋਂ ਕਿਸੇ ਸਮੇਂ ਕਿਸੇ ਧਿਰ ਦੇ ਹਾਲਾਤ ਵਿੱਚ ਤਬਦੀਲੀ ਆ ਗਈ ਹੈ, ਤਾਂ ਉਹ, ਕਿਸੇ ਵੀ ਧਿਰ ਦੀ ਬਿਨੈ ਤੇ, ਅਜਿਹੇ ਕਿਸੇ ਹੁਕਮ ਨੂੰ ਅਜਿਹੇ ਤਰੀਕੇ ਨਾਲ ਜੋ ਅਦਾਲਤ ਨੂੰ ਨਿਆਂ ਸੰਗਤ ਜਾਪੇ ਬਦਲ, ਰੂਪਭੇਦ ਜਾਂ ਵਿਖੰਡਤ ਕਰ ਸਕੇਗੀ।

(3) ਜੇ ਅਦਾਲਤ ਦੀ ਤਸੱਲੀ ਹੋ ਜਾਂਦੀ ਹੈ ਕਿ ਉਸ ਧਿਰ ਨੇ, ਜਿਸ ਦੇ ਪੱਖ ਵਿੱਚ ਇਸ ਧਾਰਾ ਅਧੀਨ ਹੁਕਮ ਕੀਤਾ ਗਿਆ ਹੈ, ਮੁੜ-ਵਿਆਹ ਕਰਾ ਲਿਆ ਹੈ ਜਾਂ, ਜੇ ਅਜਿਹੀ ਧਿਰ ਪਤਨੀ ਹੈ, ਕਿ ਉਹ ਸਤਵੰਤੀ ਨਹੀਂ ਰਹੀ ਹੈ, ਜਾਂ ਜੇ ਅਜਿਹੀ ਧਿਰ ਪਤੀ ਹੈ, ਕਿ ਉਸ ਨੇ ਵਿਆਹੋਂ ਬਾਹਰਲੀ ਕਿਸੇ ਇਸਤਰੀ ਨਾਲ ਲਿੰਗ ਭੋਗ ਕਰ ਲਿਆ ਹੈ, ਤਾਂ ਉਹ ਦੂਜੀ ਧਿਰ ਦੀ ਪ੍ਰੇਰਨਾ ਤੇ ਅਜਿਹੇ ਕਿਸੇ ਹੁਕਮ ਨੂੰ ਅਜਿਹੇ ਤਰੀਕੇ ਨਾਲ ਜੋ ਅਦਾਲਤ ਨਿਆਂ ਸੰਗਤ ਸਮਝੇ, ਅਦਲ ਬਦਲ, ਰੂਪਭੇਦ ਜਾਂ ਵਿਖੰਡਤ ਕਰ ਸਕੇਗੀ।

ਬੱਚਿਆਂ ਦੀ ਸੰਭਾਲ।

26. ਇਸ ਐਕਟ ਅਧੀਨ ਕਿਸੇ ਕਾਰਵਾਈ ਵਿੱਚ, ਅਦਾਲਤ, ਸਮੇਂ ਸਮੇਂ ਤੇ, ਅਜਿਹੇ ਅੰਤਰਿਮ ਹੁਕਮ ਪਾਸ ਕਰ ਸਕੇਗੀ ਅਤੇ ਡਿਗਰੀ ਵਿੱਚ ਅਜਿਹੇ ਉਪਬੰਧ ਕਰ ਸਕੇਗੀ ਜੋ ਉਹ ਨਾਬਾਲਗ ਬੱਚਿਆਂ ਦੀ, ਉਨਾਂ ਦੀਆਂ ਇਛਾਵਾਂ ਦੇ ਸੰਗਤ, ਜਿੱਥੇ ਕਿਤੇ ਸੰਭਵ ਹੋਵੇ, ਸੰਭਾਲ, ਗੁਜ਼ਾਰੇ ਅਤੇ ਸਿੱਖਿਆ ਬਾਰੇ ਨਿਆਂਸੰਗਤ ਅਤੇ ਉਚਿਤ ਸਮਝੇ ਅਤੇ, ਡਿਗਰੀ ਪਿੱਛੋਂ, ਇਸ ਪ੍ਰਯੋਜਨ ਲਈ ਅਰਜ਼ੀ ਦੁਆਰਾ ਦਰਖ਼ਾਸਤ ਕੀਤੇ ਜਾਣ ਤੇ, ਸਮੇਂ ਸਮੇਂ ਤੇ, ਅਜਿਹੇ ਬੱਚਿਆਂ ਦੀ ਸੰਭਾਲ; ਗੁਜ਼ਾਰੇ ਅਤੇ ਸਿੱਖਿਆ ਬਾਰੇ ਅਜਿਹੇ ਸਾਰੇ ਹੁਕਮ ਅਤੇ ਉਪਬੰਧ ਕਰ ਸਕੇਗੀ ਜੋ ਅਜਿਹੀ ਡਿਗਰੀ ਜਾਂ ਅੰਤਰਮ ਹੁਕਮਾਂ ਦੁਆਰਾ ਕੀਤੇ ਜਾ ਸਕਦੇ ਹੁੰਦੇ ਜੇ ਅਜਿਹੀ ਡਿਗਰੀ ਪ੍ਰਾਪਤ ਕਰਨ ਲਈ ਕਾਰਵਾਈ ਅਜੇ ਚੱਲ ਰਹੀ ਹੁੰਦੀ, ਅਤੇ ਅਦਾਲਤ ਪਹਿਲਾਂ ਕੀਤੇ ਕਿਸੇ ਅਜਿਹੇ ਹੁਕਮਾਂ ਅਤੇ ਉਪਬੰਧਾਂ ਨੂੰ ਸਮੇਂ ਸਮੇਂ ਤੇ ਪਰਤਾ, ਮੁਅੱਤਲ ਜਾਂ ਰੂਪਾਂਤਰਤ ਵੀ ਕਰ ਸਕੇਗੀ:

ਪਰੰਤੂ ਅਜਿਹੀ ਡਿਗਰੀ ਪ੍ਰਾਪਤ ਕਰਨ ਦੇ ਲਈ ਕਾਰਵਾਈ ਲੰਬਤ ਰਹਿਣ ਤੱਕ ਨਾਬਾਲਗ ਬੱਚਿਆਂ ਦੇ ਗੁਜ਼ਾਰੇ ਅਤੇ ਸਿੱਖਿਆ ਬਾਰੇ ਦਰਖ਼ਾਸਤ ਦਾ, ਜਿੱਥੋਂ ਤੱਕ ਸੰਭਵ ਹੋਵੇ, ਉੱਤਰਦਾਰ ਨੂੰ ਨੋਟਿਸ ਦੀ ਤਾਮੀਲ ਦੀ ਤਰੀਕ ਤੋਂ ਸੱਠ ਦਿਨ ਦੇ ਅੰਦਰ ਨਿਪਟਾਰਾ ਕੀਤਾ ਜਾਵੇਗਾ।

ਸੰਪੱਤੀ ਦਾ ਨਿਬੇੜਾ।

27. ਇਸ ਐਕਟ ਅਧੀਨ ਕਿਸੇ ਕਾਰਵਾਈ ਵਿੱਚ ਅਦਾਲਤ, ਵਿਆਹ ਦੇ ਸਮੇਂ ਤੇ ਜਾਂ ਉਸ ਦੇ ਲਾਗੇ ਉਪਹਾਰ ਵਜੋਂ ਦਿੱਤੀ ਕਿਸੇ ਅਜਿਹੀ ਸੰਪੱਤੀ ਬਾਰੇ, ਜੋ ਪਤੀ ਅਤੇ ਪਤਨੀ ਦੋਹਾਂ ਦੀ ਸਾਂਝੀ ਹੋਵੇ, ਡਿਗਰੀ ਵਿੱਚ ਅਜਿਹੇ ਉਪਬੰਧ ਜੋ ਉਸ ਨੂੰ ਨਿਆਂਸੰਗਤ ਅਤੇ ਉਚਿਤ ਜਾਪਣ, ਕਰ ਸਕੇਗੀ।

ਡਿਗਰੀਆਂ ਅਤੇ ਹੁਕਮਾਂ ਤੋਂ ਅਪੀਲਾਂ।

28. (1) ਇਸ ਐਕਟ ਅਧੀਨ ਕਿਸੇ ਕਾਰਵਾਈ ਵਿੱਚ ਅਦਾਲਤ ਦੁਆਰਾ ਦਿੱਤੀਆਂ ਸਾਰੀਆਂ ਡਿਗਰੀਆਂ, ਉਪ-ਧਾਰਾ (3) ਦੇ ਉਪਬੰਧਾਂ ਦੇ ਤਾਬੇ, ਅਦਾਲਤ ਦੀਆਂ ਉਸ ਦੀ ਮੂਲ ਦਿਵਾਨੀ, ਅਧਿਕਾਰਤਾ ਦੀ ਵਰਤੋਂ ਕਰਦੇ ਹੋਏ ਦਿੱਤੀਆਂ ਡਿਗਰੀਆਂ ਦੀ ਤਰ੍ਹਾਂ ਅਪੀਲਯੋਗ ਹੋਣਗੀਆਂ, ਅਤੇ ਅਜਿਹੀ ਹਰਿਕ ਅਪੀਲ ਉਸ ਅਦਾਲਤ ਵਿੱਚ ਹੋਵੇਗੀ ਜਿਸ ਵਿੱਚ ਅਪੀਲਾਂ ਅਦਾਲਤ ਦੇ ਉਸ ਦੀ ਮੂਲ ਦੀਵਾਨੀ ਅਧਿਕਾਰਤਾ ਦੀ ਵਰਤੋਂ ਕਰਦੇ ਹੋਏ ਦਿੱਤੇ ਫ਼ੈਸਲਿਆਂ ਤੋਂ ਸਾਧਾਰਨ ਤੌਰ ਤੇ ਹੁੰਦੀਆਂ ਹਨ।

(2) ਇਸ ਐਕਟ ਅਧੀਨ ਕਿਸੇ ਕਾਰਵਾਈ ਵਿੱਚ ਅਦਾਲਤ ਦੁਆਰਾ ਧਾਰਾ 25 ਜਾਂ ਧਾਰਾ 26 ਅਧੀਨ ਦਿੱਤੇ ਹੁਕਮ, ਜੇ ਉਹ ਅੰਤਰਿਮ ਹੁਕਮ ਨ ਹੋਣ ਉਪ-ਧਾਰਾ (3) ਦੇ ਉਪਬੰਧਾਂ ਦੇ ਤਾਬੇ, ਅਪੀਲਯੋਗ ਹੋਣਗੇ, ਅਤੇ ਅਜਿਹੀ ਹਰਿਕ ਅਪੀਲ ਉਸ ਅਦਾਲਤ ਵਿੱਚ ਹੋਵੇਗੀ ਜਿਸ ਵਿੱਚ ਅਪੀਲਾਂ ਅਦਾਲਤ ਦੇ ਉਸ ਦੀ ਮੂਲ ਦਿਵਾਨੀ ਅਧਿਕਾਰਤਾ ਦੀ ਵਰਤੋਂ ਕਰਦੇ ਹੋਏ ਦਿੱਤੇ ਫ਼ੈਸਲਿਆਂ ਤੋਂ ਸਾਧਾਰਨ ਤੌਰ ਤੇ ਹੁੰਦੀਆਂ ਹਨ।

(3) ਕੇਵਲ ਖਰਚੇ ਦੇ ਵਿਸ਼ੇ ਤੇ ਇਸ ਧਾਰਾ ਅਧੀਨ ਕੋਈ ਅਪੀਲ ਨਹੀਂ ਹੋਵੇਗੀ।

(4) ਇਸ ਧਾਰਾ ਅਧੀਨ ਹਰਿਕ ਅਪੀਲ ਡਿਗਰੀ ਜਾਂ ਹੁਕਮ ਦੀ ਤਰੀਕ ਤੋਂ ਨੱਬੇ ਦਿਨ ਦੀ ਮੁੱਦਤ ਦੇ ਅੰਦਰ ਕੀਤੀ ਜਾਵੇਗੀ।

ਡਿਗਰੀਆਂ ਅਤੇ ਹੁਕਮਾਂ ਦਾ ਨਾਫ਼ਜ਼ ਕਰਨਾ।

28ੳ. ਇਸ ਐਕਟ ਅਧੀਨ ਕਿਸੇ ਕਾਰਵਾਈ ਵਿੱਚ ਅਦਾਲਤ ਦੁਆਰਾ ਦਿੱਤੀਆਂ ਸਾਰੀਆਂ ਡਿਗਰੀਆਂ ਅਤੇ ਹੁਕਮ, ਉਸੇ ਤਰੀਕੇ ਨਾਲ ਨਾਫ਼ਜ਼ ਕੀਤੇ ਜਾਣਗੇ ਜਿਵੇਂ ਅਦਾਲਤ ਦੀਆਂ ਉਸ ਦੀ ਮੂਲ ਦਿਵਾਨੀ ਅਧਿਕਾਰਤਾ ਦੀ ਵਰਤੋਂ ਕਰਦੇ ਹੋਏ ਦਿੱਤੀਆਂ ਡਿਗਰੀਆਂ ਅਤੇ ਹੁਕਮ ਤੱਤ ਸਮੇਂ ਨਾਫ਼ਜ਼ ਕੀਤੇ ਜਾਂਦੇ ਹਨ।

ਛੋਟਾਂ ਅਤੇ ਨਿਰਸਨ

ਛੋਟਾਂ।

29. (1) ਇਸ ਐਕਟ ਦੇ ਅਰੰਭ ਤੋਂ ਪਹਿਲਾਂ ਹਿੰਦੂਆਂ ਵਿਚਕਾਰ ਸੰਸਕਾਰਿਆ ਕੋਈ ਵਿਆਹ, ਜੋ ਹੋਰਵੇਂ ਜਾਇਜ਼ ਹੈ, ਕੇਵਲ ਇਸ ਤੱਥ ਦੇ ਕਾਰਨ ਨਾਜਾਇਜ਼ ਜਾਂ ਕਦੇ ਨਾਜਾਇਜ਼ ਰਿਹਾ ਨਹੀਂ ਸਮਝਿਆ ਜਾਵੇਗਾ ਕਿ ਉਸ ਦੀਆਂ ਧਿਰਾਂ ਇੱਕ ਹੀ ਗੋਤਰ ਜਾਂ ਪ੍ਰਵਰ ਦੀਆਂ ਸਨ ਜਾਂ ਭਿੰਨ ਭਿੰਨ ਧਰਮਾਂ, ਜਾਤਾਂ ਜਾਂ ਇੱਕ ਹੀ ਜਾਤ ਦੀਆਂ ਉਪ-ਜਾਤੀਆਂ ਦੀਆਂ ਸਨ।

(2) ਇਸ ਐਕਟ ਵਿੱਚ ਦਰਜ ਕੋਈ ਗੱਲ, ਕਿਸੇ ਹਿੰਦੂ ਵਿਆਹ ਦੇ, ਭਾਵੇਂ ਉਹ ਇਸ ਐਕਟ ਦੇ ਅਰੰਭ ਤੋਂ ਪਹਿਲਾਂ ਸੰਸਕਾਰਿਆ ਗਿਆ ਹੋਵੇ ਜਾਂ ਪਿੱਛੋਂ, ਤੁੜਾਓ ਲਈ ਕਿਸੇ ਰਿਵਾਜ ਦੁਆਰਾ ਮਾਨਤਾ ਪ੍ਰਾਪਤ ਜਾਂ ਕਿਸੇ ਵਿਸ਼ੇਸ਼ ਇਨੈਕਟਮੈਂਟ ਦੁਆਰਾ ਪ੍ਰਦਾਨ ਕੀਤੇ ਕਿਸੇ ਅਧਿਕਾਰ ਤੇ ਪ੍ਰਭਾਵ ਪਾਉਂਦੀ ਨਹੀਂ ਸਮਝੀ ਜਾਵੇਗੀ।

(3) ਇਸ ਐਕਟ ਵਿੱਚ ਦਰਜ ਕੋਈ ਗੱਲ, ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਕਿਸੇ ਵਿਆਹ ਨੂੰ ਬਾਤਲ ਅਤੇ ਸੁੰਨ ਕਰਾਰ ਦੇਣ ਲਈ ਜਾਂ ਕਿਸੇ ਵਿਆਹ ਨੂੰ ਬਾਤਲ ਕਰਨ ਜਾਂ ਤੋੜਨ ਲਈ ਜਾਂ ਨਿਆਂਇਕ ਅਲਹਿਦਗੀ ਲਈ, ਇਸ ਐਕਟ ਦੇ ਅਰੰਭ ਸਮੇਂ ਚੱਲ ਰਹੀ ਕਿਸੇ ਕਾਰਵਾਈ ਤੇ ਪ੍ਰਭਾਵ ਨਹੀਂ ਪਾਵੇਗੀ, ਅਤੇ ਕੋਈ ਅਜਿਹੀ ਕਾਰਵਾਈ ਇਸ ਤਰ੍ਹਾਂ ਜਾਰੀ ਰੱਖੀ ਅਤੇ ਤੈਅ ਕੀਤੀ ਜਾ ਸਕੇਗੀ ਜਿਵੇਂ ਇਹ ਐਕਟ ਪਾਸ ਨ ਹੋਇਆ ਹੋਵੇ।

(4) ਇਸ ਐਕਟ ਵਿੱਚ ਦਰਜ ਕੋਈ ਗੱਲ ਵਿਸ਼ੇਸ਼ ਵਿਆਹ ਐਕਟ, 1954 (1954 ਦਾ 43) ਵਿੱਚ ਦਰਜ ਉਨਾਂ ਉਪਬੰਧਾਂ ਤੇ ਜੋ ਉਸ ਐਕਟ ਅਧੀਨ ਹਿੰਦੂਆਂ ਦੇ ਵਿਚਕਾਰ ਵਿਆਹਾਂ ਬਾਰੇ ਹਨ, ਭਾਵੇਂ ਉਹ ਇਸ ਐਕਟ ਦੇ ਅਰੰਭ ਤੋਂ ਪਹਿਲਾਂ ਸੰਸਕਾਰੇ ਗਏ ਹੋਣ ਜਾਂ ਪਿੱਛੋਂ, ਪ੍ਰਭਾਵ ਪਾਉਂਦੀ ਨਹੀਂ ਸਮਝੀ ਜਾਵੇਗੀ।

30. [ਨਿਰਸਨ।] ਨਿਰਸਨ ਅਤੇ ਸੋਧ ਐਕਟ, 1960 (1960 ਦਾ 58), ਧਾਰਾ 2 ਅਤੇ ਪਹਿਲੀ ਅਨੁਸੂਚੀ ਦੁਆਰਾ ਨਿਰਸਤ।